ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 20 Issue 39 Friday November 26 to December 3, 2021 www.PUNJABIDUNIYA.com Published Weekly from New York

Thinking of Buying/Selling ?

WINZONE REALTY INC.



Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com



# ਕਿਸਾਨ ਅੰਦੋਲਨ ਦਾ ਰੁਖ ਤੈਅ ਕਰਨ ਵਾਲੀਆਂ 11 ਅਹਿਮ ਘਟਨਾਵਾਂ

ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਿਹਾ ਕਿਸਾਨ ਅੰਦੋਲਨ ਆਪਣੇ ਅੰਤਿਮ ਗੇੜ ਵਿਚ ਪਹੁੰਚ ਗਿਆ ਲਗਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨੇ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਐਤਵਾਰ ਨੂੰ ਪ੍ਰੈਸ ਕਾਨਫਰੰਸ @ਚ ਐਲਾਨ ਕੀਤਾ ਕਿ ਜਦੋਂ ਤੱਕ ਸੰਸਦ @ਚ ਕਾਨੂੰਨ ਰੱਦ ਨਹੀਂ ਹੁੰਦੇ ਉਦੋਂ ਤੱਕ ਕਿਸਾਨ ਧਰਨੇ ਉੱਤੇ ਡਟੇ ਰਹਿਣਗੇ।

ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੂੰ ਇੱਕ ਖੁੱਲ੍ਹੀ ਚਿੱਠੀ ਲਿਖ ਕੇ ਐੱਮਐੱਸਪੀ ਉੱਤੇ ਕਾਨੂੰਨੀ ਗਾਰੰਟੀ ਅਤੇ ਲਖੀਮਪੁਰ ਕਾਂਡ ਦੇ ਕਥਿਤ ਮੁਲਜ਼ਮ ਕਹੇ ਜਾਂਦੇ ਕੇਂਦਰੀ ਮੰਤਰੀ ਅਜੇ ਮਿਸ਼ਰਾ ਖ਼ਿਲਾਫ਼ ਕਾਰਵਾਈ ਅਤੇ ਕਿਸਾਨਾਂ ਉੱਤੇ ਦਰਜ ਕੇਸਾਂ ਸਣੇ ਬਕਾਇਆ ਮਸਲਿਆਂ ਬਾਰੇ ਪੁੱਛਿਆ ਜਾਵੇਗਾ।

ਸੰਯੁਕਤ ਕਿਸਾਨ ਮੋਰਚੇ ਦੀ ਬੈਠਕ @ਚ 22 ਨਵੰਬਰ ਦੀ ਲਖਨਊ ਕਿਸਾਨ ਮਹਾਪੰਚਾਇਤ, 26 ਨਵੰਬਰ ਦੇ ਦਿੱਲੀ ਬਾਰਡਰਾਂ ਉੱਤੇ ਇਕੱਠ ਅਤੇ 29 ਨਵੰਬਰ ਦਾ ਦਿੱਲੀ ਕੂਚ ਅਜੇ ਕਾਇਮ ਹੈ।

ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ ਉੱਤੇ ਚੱਲ ਰਹੇ ਅੰਦੋਲਨ ਨੂੰ 26 ਨਵੰਬਰ ਨੂੰ ਇੱਕ ਸਾਲ ਵੀ ਪੂਰਾ ਹੋ ਜਾਵੇਗਾ। ਸਰਕਾਰ ਅਤੇ ਕਿਸਾਨਾਂ ਵਿਚਾਲੇ 11 ਗੇੜ ਦੀ ਗੱਲਬਾਤ ਹੋਈ, ਸਰਕਾਰ ਸੋਧਾਂ ਲਈ ਤਿਆਰ ਸੀ ਪਰ ਕਿਸਾਨ ਤਿੰਨੇ ਕਾਨੂੰਨ ਰੱਦ ਕਰਨ ਉੱਤੇ ਅੜੇ ਹੋਏ ਸਨ।

ਹੁਣ ਪ੍ਰਧਾਨ ਮੰਤਰੀ ਦੇ ਕਾਨੂੰਨ ਰੱਦ ਕਰਨ ਦੇ ਐਲਾਨ ਨਾਲ ਇਸ ਅੰਦੋਲਨ ਦੇ ਖ਼ਤਮ ਹੋ ਦੀ ਆਸ ਬੱਝ ਗਈ ਹੈ।

ਇੱਥੇ ਅਸੀਂ ਕਿਸਾਨੀ ਅੰਦੋਲਨ ਨਾਲ ਜੁੜੀਆਂ 11 ਘਟਨਾਵਾਂ ਦਾ ਜ਼ਿਕਰ ਕਰਨ ਜਾ ਰਹੇ ਹਨ, ਜਿੰਨ੍ਹਾਂ ਕਿਸਾਨੀ ਅੰਦੋਲਨ ਨੂੰ ਫੈਸਲਾਕੁੰਨ ਮੋੜ ਦਿੱਤਾ।

1. ਪੰਜਾਬ ਤੋਂ ਉੱਠਿਆ ਅੰਦੋਲਨ

ਕੋਰੋਨਾਵਾਇਰਸ ਮਹਾਮਾਰੀ ਦੌਰਾਨ ਭਾਰਤ ਸਰਕਾਰ ਨੇ 5 ਜੂਨ 2020 ਨੂੰ ਮੰਡੀਕਰਨ ਦੇ ਬਦਲਵੇਂ ਪ੍ਰਬੰਧ ਅਤੇ ਕਿਸਾਨੀ ਆਮਦਨ ਵਾਧੇ ਦੇ ਨਾਂ ਉੱਤੇ 3 ਨਵੇਂ ਖੇਤੀ ਆਰਡੀਨੈਂਸ ਲਿਆਂਦੇ।

ਕੋਰੋਨਾ ਕਾਲ ਦੌਰਾਨ ਲੱਗੇ ਲੌਕਡਾਊਨ ਅਤੇ ਪੰਜਾਬ ਵਿਚਲੇ ਕਰਫ਼ਿਊ ਦੌਰਾਨ ਹੀ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਆਰਡੀਨੈਂਸਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ।

ਗੱਲ ਨਾ ਸੁਣੇ ਜਾਣ ਕਾਰਨ ਅਗਸਤ ਮਹੀਨੇ ਵਿਚ ਕਿਸਾਨ ਜਥੇਬੰਦੀਆਂ ਨੇ ਧਰਨੇ ਅਤੇ ਰੋਸ ਮੁਜ਼ਾਹਰੇ ਸ਼ੁਰੂ ਕਰ ਦਿੱਤੇ।

14 ਸਤੰਬਰ ਨੂੰ ਜਦੋਂ ਆਰਡੀਨੈਂਸਾਂ ਨੂੰ ਸਰਕਾਰ ਨੇ ਸੰਸਦ @ਚ ਪੇਸ਼ ਕੀਤਾ ਤਾਂ ਉਸੇ ਦਿਨ ਕਿਸਾਨਾਂ ਨੇ ਕੇਂਦਰੀ ਸੱਤਾ @ਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਘਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ।

17 ਸਤੰਬਰ ਨੂੰ ਲੋਕ ਸਭਾ ਅਤੇ 20 ਸਿਤੰਬਰ ਨੂੰ ਰਾਜ ਸਭਾ ਵਿਚ ਜ਼ੁਬਾਨੀ ਵੋਟ ਰਾਹੀਂ ਬਿੱਲ ਪਾਸ ਕਰਵਾ ਦਿੱਤੇ ਗਏ।

ਉੱਧਰ 19 ਸਤੰਬਰ ਨੂੰ ਲੁਧਿਆਣਾ ਵਿਚ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਸਾਂਝਾ ਮੋਰਚਾ ਬਣਾਉਣ ਦਾ ਐਲਾਨ ਕਰ ਦਿੱਤਾ।

ਖੇਤੀ ਆਰਡੀਨੈਂਸ ਦੇ ਵਿਰੋਧ ਤੋਂ ਲੈ ਕੇ ਹਰਸਿਮਰਤ ਬਾਦਲ ਦੇ ਅਸਤੀਫ਼ੇ ਤੱਕ - (ਵੀਡੀਓ 18 ਸਿਤੰਬਰ 2020)

ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਕਿਸਾਨਾਂ ਦੇ ਅੰਦੋਲਨ ਦਾ ਸਮਰਥਨ ਕੀਤਾ। ਕਿਸਾਨ ਜਥੇਬੰਦੀਆਂ ਨੇ ਭਾਵੇਂ ਇਸ ਅੰਦੋਲਨ ਨੂੰ ਗੈਰ ਸਿਆਸੀ ਰੱਖਿਆ।

2. ਅਕਾਲੀ ਦਲ ਦਾ ਯੂ ਟਰਨ

17 ਸਤੰਬਰ 2020 ਨੂੰ ਸੰਸਦ @ਚ ਬਿੱਲ ਪਾਸ ਹੋਣ ਦੌਰਾਨ ਨਰਿੰਦਰ ਮੋਦੀ ਸਰਕਾਰ ਵਿੱਚ ਅਕਾਲੀ ਦਲ ਦੀ ਇਕਲੌਤੀ ਅਕਾਲੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਹਰਸਿਮਰਤ ਕੌਰ ਨੇ ਇੱਕ ਟਵੀਟ ਰਾਹੀ ਕੈਬਨਿਟ ਮੰਤਰੀ ਦਾ ਅਹੁਦਾ ਛੱਡਣ ਦਾ ਐਲਾਨ ਕਰਦਿਆਂ ਲਿਖਿਆ ਸੀ, ਮੈਂ ਕਿਸਾਨ ਵਿਰੋਧੀ ਆਰਡੀਨੈਂਸ ਅਤੇ ਬਿੱਲਾਂ ਦੇ ਖ਼ਿਲਾਫ਼ ਕੈਬਨਿਟ ਮੰਤਰੀ ਦਾ ਅਹੁਦਾ ਛੱਡ ਰਹੀ ਹਾਂ। ਕਿਸਾਨਾਂ ਦੀ ਭੈਣ ਅਤੇ ਧੀ ਵਜੋਂ ਉਨ੍ਹਾਂ ਨਾਲ ਖੜ੍ਹੇ ਹੋਣ ਵਿੱਚ ਮਾਣ ਮਹਿਸੂਸ ਕਰ ਰਹੀ ਹਾਂ।

ਉਹ ਮੌਕੇ ਜਦੋਂ ਖੇਤੀ ਆਰਡੀਨੈਂਸਾਂ @ਤੇ ਬਾਦਲਾਂ ਨੇ ਬਦਲੇ ਸੁਰ -( ਵੀਡੀਓ 16 ਸਿਤੰਬਰ 2020)

ਇਸ ਤੋਂ ਪਹਿਲਾਂ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਖੇਤੀ ਆਰਡੀਨੈਂਸਾਂ ਦਾ ਗੁਣਗਾਣ ਕਰ ਚੁੱਕੇ ਸਨ।

3. 25-26 ਨਵੰਬਰ ਨੂੰ ਦਿੱਲੀ ਕੂਚ ਤੇ ਪੁਲਿਸ ਨਾਲ ਟੱਕਰ

26 ਨਵੰਬਰ 2020 ਦਾ ਦਿਨ ਕਿਸਾਨ ਅੰਦੋਲਨ ਦਾ ਸਭ ਤੋਂ ਅਹਿਮ ਦਿਨ ਕਿਹਾ ਜਾ ਸਕਦਾ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਤੇ ਪੰਜਾਬ, ਹਰਿਆਣਾ, ਯੂਪੀ, ਉਤਰਾਖੰਡ ਅਤੇ ਮੱਧ ਪ੍ਰਦੇਸ਼ ਤੋਂ ਕਿਸਾਨਾਂ ਨੇ ਦਿੱਲੀ ਵੱਲ ਚਾਲੇ ਪਾਏ।

ਮੱਧ ਪ੍ਰਦੇਸ਼, ਕਰਨਾਟਕ, ਤੇਲੰਗਾਨਾ ਤੇ ਮਹਾਰਾਸ਼ਟਰਾ ਵਰਗੇ ਸੂਬਿਆਂ ਤੋਂ ਕਿਸਾਨ ਕੋਵਿਡ ਕਾਰਨ ਰੇਲ ਗੱਡੀਆਂ ਬੰਦ ਹੋਣ ਕਾਰਨ ਜਾਂ ਭਾਜਪਾ ਸਰਕਾਰਾਂ ਵਲੋਂ ਲਾਈਆਂ ਪਾਬੰਦੀਆਂ ਕਾਰਨ ਘੱਟ ਗਿਣਤੀ ਵਿੱਚ ਪਹੁੰਚੇ ਸਨ।

ਪੰਜਾਬ ਦੇ ਕਿਸਾਨਾਂ ਨੂੰ 25-26 ਨਵੰਬਰ ਨੂੰ ਹਰਿਆਣਾ ਪੁਲਿਸ ਨੇ ਜ਼ਬਰੀ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਦੀ ਬੈਰੀਕੇਡਿੰਗ ਅਤੇ ਹੰਝੂ ਗੈਸ ਦੇ ਗੋਲੇ ਕਿਸਾਨਾਂ ਦਾ ਰਾਹ ਰੋਕ ਨਾ ਸਕੇ ਅਤੇ ਕਿਸਾਨ ਦਿੱਲੀ ਦੇ ਬਾਰਡਰਾਂ ਤੱਕ ਜਾ ਪਹੁੰਚੇ।

4. ਗੱਲਬਾਤ ਦੇ 11 ਨਾਕਾਮ ਗੇੜ

22 ਜਨਵਰੀ 2021 ਦਾ ਦਿਨ ਸਰਕਾਰ ਨਾਲ ਗੱਲਬਾਤ ਦੇ ਹਵਾਲੇ ਨਾਲ ਅਹਿਮ ਸਮਝਿਆ ਜਾ ਸਕਦਾ ਹੈ। ਇਸ ਦਿਨ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚਾਲੇ ਗੱਲਬਾਤ ਦਾ ਆਖ਼ਰੀ 11ਵਾਂ ਗੇੜ ਸੀ।

ਪਹਿਲਾਂ ਹਰ ਗੱਲਬਾਤ ਦੀ ਬੈਠਕ ਵਿੱਚੋਂ ਉੱਠਣ ਤੋਂ ਪਹਿਲਾਂ ਅਗਲੀ ਤਾਰੀਖ਼ ਤੈਅ ਕਰ ਲਈ ਜਾਂਦੀ ਸੀ। ਪਰ ਇਸ ਵਾਰ ਸਰਕਾਰ ਨੇ ਕਿਹਾ ਕਿ ਉਹ ਅੱਗੇ ਗੱਲਬਾਤ ਤਾਂ ਹੀ ਕਰੇਗੀ ਜੇਕਰ ਕਿਸਾਨ ਸਰਕਾਰ ਦੀ ਇਸ ਪੇਸ਼ਕਸ਼ ਨੂੰ ਮੰਨਣਗੇ।

ਸਰਕਾਰ ਖੇਤੀ ਕਾਨੂੰਨਾਂ ਨੂੰ ਡੇਢ ਸਾਲ ਲਈ

ਬਾਕੀ ਸਫ਼ਾ 13 'ਤੇ




Insurance

Tel : 516 NLIGHT 8 (516 654 4488)

# ਪੰਜਾਬ ’ਚ ਕਾਂਗਰਸ ਨੇ ਵਜਾਇਆ ਚੋਣ ਬਿਗਲ, ਅਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤਾ ਸ਼ਕਤੀ ਪ੍ਰਦਰਸ਼ਨ



ਲੁਧਿਆਣਾ-ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਲੁਧਿਆਣਾ ਵਿੱਚ ਵੱਡੀ ਰੈਲੀ ਕਰ ਕੇ ਚੋਣ ਬਿਗਲ ਵਜਾ ਦਿੱਤਾ ਹੈ। ਕਾਂਗਰਸ ਪਾਰਟੀ ਨੇ ‘ਵਰਕਰ ਮਿਲਣੀ’ ਦੇ ਨਾਂ ’ਤੇ ਰੈਲੀ ਕਰਕੇ ਆਪਣੀ ਇਕਜੁੱਟਤਾ ਦਾ ਸ਼ਕਤੀ ਪ੍ਰਦਰਸ਼ਨ ਵੀ ਕੀਤਾ। ਮੰਚ ਸਾਂਝਾ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਵਰਕਰਾਂ ਨੂੰ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਕੇਬਲ ਮਾਫ਼ੀਏ ਖਿਲਾਫ਼ ਜੰਗ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਅੱਜ ਤੋਂ ਕੇਬਲ ਟੀ.ਵੀ. ਕੁਨੈਕਸ਼ਨ ਦੀ ਦਰ 100 ਰੁਪਏ ਮਹੀਨਾ ਤੈਅ ਕਰਨ ਦਾ ਐਲਾਨ ਕੀਤਾ ਤਾਂ ਜੋ ਸੂਬੇ ਵਿੱਚ ਕੇਬਲ ਦੀ ਅਜਾਰੇਦਾਰੀ ਨੂੰ ਮੁਕੰਮਲ ਤੌਰ ’ਤੇ ਖ਼ਤਮ ਕੀਤਾ ਜਾ ਸਕੇ। ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਚੰਨੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਕੇਬਲ ਮਾਫ਼ੀਏ ਵਲੋਂ ਵਾਧੂ ਦਰਾਂ ਦੀ ਵਸੂਲੀ ਰਾਹੀਂ ਲੋਕਾਂ ਦਾ ਬੇਲੋੜਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਜਿਸ ਨੂੰ ਹੋਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੀਨੀਅਰ ਕਾਂਗਰਸੀ ਆਗੂ ਕਮਲਜੀਤ ਸਿੰਘ ਕੜਵਲ ਵਲੋਂ ਕਰਵਾਈ ਰੈਲੀ ਦੌਰਾਨ ਚੰਨੀ ਨੇ ਕਿਹਾ ਕਿ ਟਰਾਂਸਪੋਰਟ ਅਤੇ ਕੇਬਲ ਦੇ ਅਜਿਹੇ ਸਾਰੇ ਕਾਰੋਬਾਰ ਉਤੇ ਬਾਦਲ ਪਰਿਵਾਰ ਦੀ ਮਾਲਕੀ ਹੈ ਅਤੇ ਹੁਣ ਲੋਕਾਂ ਨੂੰ ਕੇਬਲ ਲਈ ਹਰੇਕ ਮਹੀਨੇ 100 ਰੁਪਏ ਤੋਂ ਵੱਧ ਦੇਣ ਦੀ ਲੋੜ ਨਹੀਂ ਹੈ। ਨਵੀਆਂ ਦਰਾਂ ਦੀ ਪਾਲਣਾ ਨਾ ਕਰਨ ਵਾਲਿਆਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ,“ਜੇਕਰ ਤਹਾਨੂੰ ਕੋਈ ਤੰਗ-ਪ੍ਰੇਸ਼ਾਨ ਕਰਦਾ ਹੈ ਤਾਂ ਮੈਨੂੰ ਦੱਸੋ।’ ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਸਾਰੇ ਗੈਰ-ਕਾਨੂੰਨੀ ਬੱਸ ਪਰਮਿਟ ਰੱਦ ਕੀਤੇ ਜਾਣਗੇ ਅਤੇ ਬਦਲੇ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਨਵੇਂ ਪਰਮਿਟ ਅਲਾਟ ਕੀਤੇ ਜਾਣਗੇ।

ਉਨ੍ਹਾਂ ਐਲਾਨ ਕੀਤਾ ਕਿ ਅਗਲੇ 10 ਦਿਨਾਂ ਵਿੱਚ ਨਗਰ ਨਿਗਮ ਅਤੇ ਮਿਊਂਸਿਪਲ ਕੌਂਸਲਾਂ ਦੇ ਸਾਰੇ ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਜਾਣਗੀਆਂ ਤੇ ਇਸ ਲਈ 10 ਸਾਲ ਦੀ ਸੇਵਾ ਦੀ ਕੋਈ ਸ਼ਰਤ ਨਹੀਂ ਹੋਵੇਗੀ। ਇਸ ਤੋਂ ਇਲਾਵਾ ਭਰਤੀ ਲਈ ਠੇਕੇਦਾਰੀ ਪ੍ਰਬੰਧ ਵੀ ਖਤਮ ਕੀਤਾ ਜਾਵੇਗਾ। ਆਪਣੀ ਸਰਕਾਰ ਵਲੋਂ ਗਰੀਬ ਲੋਕਾਂ ਦੇ ਭਲੇ ਲਈ ਉਠਾਏ ਗਏ ਕਈ ਇਤਿਹਾਸਕ ਫ਼ੈਸਲਿਆਂ ਦੀ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ’ਚ ਬਿਜਲੀ ਦਰਾਂ ਵਿੱਚ 3 ਰੁਪਏ ਪ੍ਰਤੀ ਯੂਨਿਟ ਦੀ ਕਟੌਤੀ, ਬਿਜਲੀ ਬਿੱਲਾਂ ਦੇ ਬਕਾਏ ਮੁਆਫ਼ ਕਰਨਾ, ਪਾਣੀ ਦਾ ਬਿੱਲ ਪ੍ਰਤੀ ਮਹੀਨਾ 50 ਰੁਪਏ ਕਰਨਾ, ਰੇਤਾ ਤੇ ਗਟਕੇ ਦੇ ਰੇਟ ਘਟਾ ਕੇ 5.50 ਰੁਪਏ ਪ੍ਰਤੀ ਮਹੀਨਾ ਕਰਨ ਤੋਂ ਇਲਾਵਾ ਪੇਂਡੂ ਜਲ ਸਪਲਾਈ ਸਕੀਮਾਂ ਲਈ ਮੁਫ਼ਤ ਬਿਜਲੀ ਮੁਹੱਈਆ ਕਰਵਾਉਣਾ ਸ਼ਾਮਲ ਹਨ। ਮਹਿਲਾਵਾਂ ਦੇ ਸ਼ਕਤੀਕਰਨ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਨੇ ਕਿਹਾ ਕਿ ਆਉਂਦੇ ਦਿਨਾਂ ਵਿੱਚ ਸਰਕਾਰ ਦੇ ਨਾਲ-ਨਾਲ ਪਾਰਟੀ ਵਿੱਚ ਵੀ ਮਹਿਲਾਵਾਂ ਨੂੰ ਬਰਾਬਰ ਦੀ ਨੁਮਾਇੰਦਗੀ ਦਿੱਤੀ ਜਾਵੇਗੀ। ਪੰਜਾਬੀਆਂ ਨੂੰ ਗੁੰਮਰਾਹ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ’ਤੇ ਵਰ੍ਹਦਿਆਂ ਚੰਨੀ ਨੇ ਕਿਹਾ ਕਿ ਪੰਜਾਬੀ ਬਹੁਤ ਸੂਝਵਾਨ ਹਨ ਅਤੇ ਉਨ੍ਹਾਂ ਨੂੰ ਝੂਠੇ ਵਾਅਦਿਆਂ ਨਾਲ ਮੂਰਖ ਨਹੀਂ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮੁਲਕ ਦਾ ਪਹਿਲਾ ਸੂਬਾ ਹੈ ਜਿੱਥੇ ਸਭ ਤੋਂ ਸਸਤੀ ਬਿਜਲੀ ਹੈ।

ਇਸ ਮੌਕੇ ਜਗਰਾਉਂ ਹਲਕੇ ਤੋਂ ਅਕਾਲੀ ਟਿਕਟ ’ਤੇ 2017 ਦੀ ਵਿਧਾਨ ਸਭਾ ਚੋਣ ਲੜ ਚੁੱਕੀ ਸੀਨੀਅਰ ਆਗੂ ਸਰਬਜੀਤ ਕੌਰ ਸਾਹੋਕੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਿਹਾਲ ਸਿੰਘ ਵਾਲਾ ਤੋਂ ਹਲਕਾ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਆਪਣੇ ਸਮਰਥੱਕਾਂ ਸਮੇਤ ਮੁੱਖ ਮੰਤਰੀ ਦੀ ਹਾਜ਼ਰੀ ’ਚ ਕਾਂਗਰਸ ਪਾਰਟੀ ’ਚ ਸ਼ਾਮਲ ਹੋਏ। ਇਸ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ, ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ, ਡਾ. ਅਮਰ ਸਿੰਘ ਸਣੇ ਹੋਰ ਕਈਆਂ ਨੇ ਰੈਲੀ ਨੂੰ ਸੰਬੋਧਨ ਕੀਤਾ। ਇਤਫ਼ਾਕ ਹੈ ਜਾਂ ਫ਼ਿਰ ਕੋਈ ਸਿਆਸੀ ਕਾਰਨ ਹਨ ਕਿ ਜਦੋਂ ਵੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਦੌਰੇ ’ਤੇ ਆਉਂਦੇ ਹਨ ਤਾਂ ਉਸ ਦਿਨ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਚੰਨੀ ਦਿੱਲੀ ਚਲੇ ਜਾਂਦੇ ਹਨ. ਇੰਜ ਪਹਿਲਾਂ ਵੀ ਹੋਇਆ ਸੀ ਕਿ ਜਦੋਂ ਕੇਜਰੀਵਾਲ ਪੰਜਾਬ ਪੁੱਜੇ ਸਨ ਤਾਂ ਚੰਨੀ ਉਸ ਵਕਤ ਦਿੱਲੀ ਚਲੇ ਗਏ ਸਨ. ਇਵੇਂ ਹੀ ਅੱਜ ਹੋਇਆ ਹੈ।



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA



# ਭਾਜਪਾ ਤੇ ਆਰ..ਐੱਸ.ਐੱਸ. ਦੇ ਇਸ਼ਾਰਿਆਂ 'ਤੇ ਨੱਚਦੇ ਰਹੇ ਕੈਪਟਨ- ਸਿੱਧੂ



ਲੁਧਿਆਣਾ-ਸੁਨੇਹਾ ਦਿੰਦੇ ਹੋਏ ਰੈਲੀ ਵਿੱਚ ਆਏ ਹਰ ਆਗੂ ਦੀ ਤਾਰੀਫ਼ ਕੀਤੀ। ਚੰਨੀ ਸਰਕਾਰ ਦੀਆਂ ਤਾਰੀਫ਼ਾਂ ਕਰਦੇ ਕਰਦੇ ਹੋਏ ਸਿੱਧੂ ਇਸ ਵਾਰ ਫ਼ਿਰ ਆਪਣੀ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਗਏ। ਰੇਤੇ ਦੇ ਮੁੱਦੇ 'ਤੇ ਗੱਲ ਕਰਦੇ ਹੋਏ ਸਿੱਧੂ ਨੇ ਕਿਹਾ ਕਿ ਅਸੀਂ ਰੇਤ ਮੁਫ਼ਤ 'ਚ ਦੇਣ ਦੀ ਗੱਲ ਕਰ ਰਹੇ ਹਾਂ, ਪਰ ਹਾਲੇ ਤਕ ਕਾਂਗਰਸ ਸਰਕਾਰ ਦੇ ਰਾਜ 'ਚ ਰੇਤੇ ਦੀ ਇੱਕ ਟਰਾਲੀ 3500 ਰੁਪਏ ਨੂੰ ਵਿਕ ਰਹੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਭਾਵੇਂ ਅਸਤੀਫ਼ਾ ਦੇਣਾ ਪਵੇ, ਪਰ ਮੈਂ ਪੰਜਾਬ ਵਿੱਚ 1000 ਰੁਪਏ ਤੋਂ ਵੱਧ ਰੇਤ ਦੀ ਟਰਾਲੀ ਵਿੱਕਣ ਨਹੀਂ ਦੇਣੀ। ਚਾਹੇ ਇਸ ਦੇ ਲਈ ਉਨ੍ਹਾਂ ਨੂੰ ਕੁਝ ਵੀ ਕਿਉਂ ਨਾ ਕਰਨਾ ਪਵੇ, ਕਿਉਂਕਿ ਉਹ ਆਮ ਲੋਕਾਂ ਨਾਲ ਜੋ ਵਾਅਦਾ ਕਰਨਗੇ, ਉਸ ਨੂੰ ਜ਼ਰੂਰ ਪੂਰਾ ਕਰਨਗੇ। ਉਨ੍ਹਾਂ ਦੀ ਸਰਕਾਰ ਨੂੰ ਵੀ ਅਜਿਹਾ ਕਰਨਾ ਪਵੇਗਾ। ਨਵਜੋਤ ਸਿੰਘ ਸਿੱਧੂ ਨੇ ਇੱਕ ਵਾਰ ਫ਼ਿਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਸ਼ਬਦੀ ਹੱਲਾ ਕਰਦੇ ਹੋਏ ਕਿਹਾ ਕਿ ਉਹ ਭਾਜਪਾ ਅਤੇ ਆਰ.ਐੱਸ.ਐੱਸ. ਦੇ ਇਸ਼ਾਰਿਆਂ 'ਤੇ ਨੱਚ ਰਹੇ ਸਨ। ਇਸ ਲਈ ਹਾਈਕਮਾਂਡ ਨੂੰ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਗੱਦੀ ਤੋਂ ਹਟਾਉਣਾ ਪਿਆ ਹੈ। ਉਨ੍ਹਾਂ ਦੇ ਰਾਜ 'ਚ ਪੰਜਾਬ ਸਰਕਾਰ ਵਿੱਚ ਚੇਅਰਮੈਨ ਜਾਂ ਇਸ ਦੇ ਵਰਗੇ ਅਹੁਦਿਆਂ ਨੂੰ ਕਰੋੜਾਂ ਰੁਪਏ 'ਚ ਵੇਚਿਆ ਗਿਆ ਹੈ। ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਕਾਂਗਰਸੀ ਵਰਕਰਾਂ ਵਿੱਚ ਮੁੜ ਜੋਸ਼ ਭਰ ਗਿਆ ਹੈ। ਬਾਦਲ ਪਰਿਵਾਰ 'ਤੇ ਵਰ੍ਹਦਿਆਂ ਸਿੱਧੂ ਨੇ ਇੱਕ ਵਾਰ ਫ਼ਿਰ ਕਿਹਾ ਕਿ 25 ਸਾਲ ਦੇ ਰਾਜ 'ਚ ਉਨ੍ਹਾਂ ਨੇ ਪੰਜਾਬ ਨੂੰ ਲੁੱਟਿਆ ਹੈ। ਦੋ ਬੱਸਾਂ ਤੋਂ ਉਨ੍ਹਾਂ ਨੇ 6000 ਬੱਸਾਂ ਦਾ ਕਾਰੋਬਾਰ ਬਣਾ ਲਿਆ ਹੈ। ਸਿੱਧੂ ਨੇ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ 'ਚ ਜੋ ਵੀ ਵਾਅਦਾ ਕੀਤਾ ਜਾਵੇਗਾ, ਉਸ ਨੂੰ ਉਹ ਜ਼ਰੂਰ ਪੂਰਾ ਕਰਵਾਉਣਗੇ। ਸਟੇਜ ਤੋਂ ਉਨ੍ਹਾਂ ਚੰਨੀ ਨੂੰ ਸਲਾਹ ਦਿੱਤੀ ਕਿ ਜੇਕਰ ਆਗਾਮੀ ਵਿਧਾਨ ਸਭਾ ਚੋਣਾਂ 'ਚ ਉਹ ਵੱਡੀ ਜਿੱਤ ਚਾਹੁੰਦੇ ਹਨ ਤਾਂ ਚੋਣਾਂ ਤੋਂ ਪਹਿਲਾਂ 5 ਹਜ਼ਾਰ ਅਹੁਦਿਆਂ 'ਤੇ ਵਰਕਰਾਂ ਦਾ ਨਾਂ ਐਲਾਨ ਦੇਣ। ਸਿੱਧੂ ਨੇ ਕਿਹਾ ਕਿ ਗਲਤ ਨੀਤੀਆਂ ਕਾਰਨ ਪੰਜਾਬ ਦੀ 60 ਫ਼ੀਸਦੀ ਇੰਡਸਟਰੀ ਬਰਬਾਦ ਹੋ ਚੁੱਕੀ ਹੈ। ਜ਼ਿਆਦਾਤਰ ਇੰਡਸਟਰੀ ਸੂਬੇ 'ਚੋਂ ਬਾਹਰ ਚਲੇ ਗਈ ਹੈ। ਇਸ ਨੂੰ ਵਾਪਸ ਲਿਆਉਣ ਲਈ ਚੰਗੀਆਂ ਨੀਤੀਆਂ ਬਣਾਉਣਗੀਆਂ ਪੈਣਗੀਆਂ। ਉਨ੍ਹਾਂ ਕਿਹਾ ਕਿ ਜੇ ਪੰਜਾਬ ਦੇ ਕਾਰੋਬਾਰੀਆਂ ਦਾ ਜੀ.ਐੱਸ.ਟੀ. ਤੇ ਵੈਟ ਰਿਫ਼ੰਡ ਸਮੇਂ 'ਤੇ ਦੇ ਦਿੱਤਾ ਜਾਵੇ ਤਾਂ ਉਹ ਆਪਣੇ ਕੰਮ ਨੂੰ ਤੇਜ਼ੀ ਨਾਲ ਕਰ ਸਕਣਗੇ। ਨਵਜੋਤ ਸਿੱਧੂ ਨੇ ਕਿਹਾ ਕਿ ਕੁਝ ਲੋਕ ਕਹਿੰਦੇ ਹਨ ਕਿ ਉਹ ਕਾਂਗਰਸ ਛੱਡ ਦੇਣਗੇ ਪਰ ਇਸ ਵਿੱਚ ਕੋਈ ਸੱਚਾਈ ਨਹੀਂ ਤੇ ਉਹ ਆਖਿਰ ਤਕ ਰਾਹੁਲ ਤੇ ਪ੍ਰਿਯੰਕਾ ਗਾਂਧੀ ਦੇ ਨਾਲ ਚੱਲਣਗੇ।

# ਕਿਸਾਨ ਅੰਦੋਲਨ ਨੂੰ ਹੱਕਾਂ ਦੀ ਰਾਖੀ ਲਈ ਇਤਿਹਾਸਕ ਲਹਿਰ ਵਜੋਂ ਹਮੇਸ਼ਾ ਰੱਖਿਆ ਜਾਵੇਗਾ ਯਾਦ - ਚੰਨੀ



ਲੁਧਿਆਣਾ - ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਦੇ ਅੰਦੋਲਨ ਨੂੰ ਦੇਸ਼ 'ਚ ਜਮਹੂਰੀ ਅਤੇ ਮੁਨੱਖੀ ਹੱਕਾਂ ਦੀ ਰਾਖੀ ਲਈ ਇੱਕ ਇਤਿਹਾਸਕ ਲਹਿਰ ਵਜੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਮੁੱਖ ਮੰਤਰੀ ਚੰਨੀ ਨਾਲ ਹਾਜਰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਸਾਨ ਅੰਦੋਲਨ ਸਹੀਦ ਹੋਏ ਕਿਸਾਨਾਂ 'ਚੋਂ ਪੰਜ ਦੇ ਵਾਰਿਸਾਂ ਨੂੰ ਨਿਯੁਕਤੀ ਪੱਤਰ ਵੀ ਸੌਂਪੇ। ਚੰਨੀ ਨੇ ਕਿਹਾ ਕਿ ਇਸ ਲਹਿਰ (ਅੰਦੋਲਨ) ਨੇ ਦੇਸ਼ 'ਚ ਜਮਹੂਰੀ ਕਦਰਾਂ-ਕੀਮਤਾਂ ਅਤੇ ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਿਆ। ਉਨ੍ਹਾਂ ਕਿਹਾ ਕਿ ਇਹ ਅੰਦੋਲਨ ਦੇਸ਼ ਵਾਸੀਆਂ ਨੂੰ ਹਮੇਸ਼ਾ ਉਨ੍ਹਾਂ ਦੇ ਜਮਹੂਰੀ ਅਤੇ ਮਨੁੱਖੀ ਹੱਕਾਂ ਵਾਸਤੇ ਸ਼ਾਂਤਮਈ ਲੜਾਈ ਲੜਨ ਲਈ ਪ੍ਰੇਰਦਾ ਰਹੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਦੇਸ਼ ਦੇ ਅੰਨ ਉਤਪਾਦਕਾਂ ਦੇ ਨਾਲ ਖੜ੍ਹੀ ਰਹੇਗੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਚਿਰ ਘੱਟੋ-ਘੱਟ ਸਮਰਥਨ ਮੁੱਲ (d~w) ਦੀ ਕਾਨੂੰਨੀ ਗਾਰੰਟੀ ਨਹੀਂ ਦਿੱਤੀ ਜਾਂਦੀ ਓਦੋਂ ਤਿੰਨੋ ਕਾਲੇ ਖੇਤੀ ਕਾਨੂੰਨਾਂ ਵਾਪਿਸ ਲੈਣ ਦੇ ਐਲਾਨ ਦਾ ਕੋਈ ਆਧਾਰ ਨਹੀਂ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਫ਼ਸਲਾਂ ਦਾ ਇੱਕ-ਇੱਕ ਦਾਣਾ ਖ਼ਰੀਦਣਾ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਕਿ ਉਨ੍ਹਾ ਪ੍ਰਾਈਵੇਟ ਵਿੱਚੋਲਿਆਂ ਹੱਥੋਂ ਲੁੱਟ ਤੋਂ ਬਚਾਇਆ ਜਾ ਸਕੇ।

# ਪੰਜਾਬੀ ਗਾਇਕਾ ਗੁਰਮੀਤ ਬਾਵਾ ਦਾ ਹੋਇਆ ਦਿਹਾਂਤ



ਜਲੰਧਰ - ਪੰਜਾਬੀ ਲੋਕ ਗਾਇਕਾ ਗੁਰਮੀਤ ਬਾਵਾ ਦੇ ਦਿਹਾਂਤ 'ਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਟਵਿਟਰ 'ਤੇ ਗੁਰਮੀਤ ਬਾਵਾ ਨਾਲ ਆਪਣੀ ਇੱਕ ਤਸਵੀਰ ਸਾਂਝੀ ਕਰਦਿਆਂ ਲਿਖਿਆ, "ਗੁਰਮੀਤ ਬਾਵਾ ਦੇ ਦਿਹਾਂਤ ਦੀ ਖ਼ਬਰ ਸੁਣ ਕੇ ਬੇਹੱਦ ਦੁੱਖ ਹੋਇਆ ਹੈ। ਪੰਜਾਬੀ ਲੋਕ ਸੰਗੀਤ 'ਚ ਉਨ੍ਹਾਂ ਦਾ ਯੋਗਦਾਨ ਅਮਿੱਟ ਹੈ। ਮੇਰੀਆਂ ਉਨ੍ਹਾਂ ਦੇ ਪਰਿਵਾਰ ਦੇ ਨਾਲ ਦਿਲੀ ਸੰਵੇਦਨਾ ਅਤੇ ਪ੍ਰਾਥਨਾਵਾਂ ਹਨ।"

ਜ਼ਿਕਰਯੋਗ ਹੈ ਕਿ ਪੰਜਾਬੀ ਸੰਗੀਤ ਜਗਤ 'ਚ ਉਸ ਸਮੇਂ ਸੋਗ ਦੀ ਲਹਿਰ ਦੌੜ ਪਈ ਜਦੋਂ ਪੰਜਾਬੀ ਲੋਕ ਗਾਇਕਾ ਗੁਰਮੀਤ ਬਾਵਾ ਦਾ 77 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਗੁਰਮੀਤ ਬਾਵਾ ਪਿਛਲੇ ਲੰਮੇ ਸਮੇਂ ਤੋਂ ਬੀਮਾਰ ਚੱਲ ਰਹੇ ਸਨ ਅਤੇ ਅੰਮ੍ਰਿਤਸਰ ਵਿਖੇ ਉਨ੍ਹਾਂ ਨੇ ਆਖ਼ਰੀ ਸਾਹ ਲੈਂਦੇ ਹੋਏ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਿਹਾ। ਗੁਰਮੀਤ ਬਾਵਾ ਨੇ 45 ਸੈਕਿੰਡ 'ਚ ਲੰਮੀ ਹੇਕ ਲਗਾਉਣ ਦਾ ਰਿਕਾਰਡ ਆਪਣੇ ਨਾਂ ਕੀਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਰਾਸ਼ਟਰੀ ਐਵਾਰਡ ਸਮੇਤ ਕਈ ਹੋਰ ਸਨਮਾਨ ਵੀ ਮਿਲੇ ਸਨ।

# ਮਿਸ਼ਨ ਪੰਜਾਬ-2022: ਕੇਜਰੀਵਾਲ ਵਲੋਂ ਔਰਤਾਂ ਨੂੰ ਪ੍ਰਤੀ ਮਹੀਨਾ ਹਜ਼ਾਰ ਰੁਪਏ ਦੇਣ ਦਾ ਵਾਅਦਾ



ਮੋਗਾ-ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੋਆਰਡੀਨੇਟਰ ਅਰਵਿੰਦ ਕੇਜਰੀਵਾਲ ਨੇ ਇੱਥੇ ਐਲਾਨ ਕੀਤਾ ਕਿ ਜੇ ਉਹ ਪੰਜਾਬ ਦੀ ਸੱਤਾ ਵਿੱਚ ਆਉਂਦੇ ਹਨ ਤਾਂ ਸੂਬੇ ਦੀ 18 ਸਾਲ ਤੋਂ ਵੱਧ ਉਮਰ ਦੀ ਹਰੇਕ ਔਰਤ ਨੂੰ ਪ੍ਰਤੀ ਮਹੀਨਾ 1000 ਰੁਪਏ ਦਿੱਤੇ ਜਾਣਗੇ ਅਤੇ ਪਰਿਵਾਰ 'ਚ ਇੱਕ ਧੀ, ਨੂੰਹ ਤੇ ਸੱਸ ਦੇ ਨਾਲ ਬਿਰਧ ਔਰਤਾਂ ਨੂੰ ਬੁਢਾਪਾ ਪੈਨਸ਼ਨ ਦੇਣ ਤੋਂ ਇਲਾਵਾ ਇਹ ਰਾਸ਼ੀ ਵੀ ਦਿੱਤੀ ਜਾਵੇਗੀ। ਕੇਜਰੀਵਾਲ ਨੇ ਕਿਹਾ ਕਿ ਪੰਜਾਬ 'ਚ ਸਰਕਾਰ ਬਣਨ 'ਤੇ ਰੇਤ ਮਾਫ਼ੀਆ, ਟਰਾਂਸਪੋਰਟ ਮਾਫ਼ੀਆ ਸਮੇਤ ਹਰ ਤਰ੍ਹਾਂ ਦਾ ਮਾਫ਼ੀਆ ਖ਼ਤਮ ਕਰ ਦਿੱਤਾ ਜਾਵੇਗਾ, ਜਿਹੜਾ ਪੈਸਾ ਹੋਵੇਗਾ ਉਹ ਔਰਤਾਂ ਦੇ ਖਾਤਿਆਂ 'ਚ ਪਾਇਆ ਜਾਵੇਗਾ। 'ਆਪ' ਸੁਪਰੀਮੋ ਕੇਜਰੀਵਾਲ ਨੇ ਮਿਸ਼ਨ-2022 ਤਹਿਤ ਪੰਜਾਬ 'ਚ ਮੁੱਖ ਮੰਤਰੀ ਦਾ ਚਿਹਰਾ ਅੱਜ ਵੀ ਨਹੀਂ ਐਲਾਨਿਆ। ਇਸ ਦੌਰਾਨ ਉਨ੍ਹਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਨਿਸ਼ਾਨੇ 'ਤੇ ਲਿਆ, ਜਦਕਿ ਅਕਾਲੀ ਦਲ ਖ਼ਿਲਾਫ਼ ਇੱਕ ਸ਼ਬਦ ਨਹੀਂ ਬੋਲਿਆ। ਕੇਜਰੀਵਾਲ ਨੇ ਸੂਬੇ ਵਿੱਚ 'ਆਪ' ਸਰਕਾਰ ਬਣਾਉਣ ਲਈ ਲੋਕਾਂ ਤੋਂ ਇੱਕ ਮੌਕੇ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਸੱਤਾ ਹਾਸਲ ਕਰਨ ਲਈ ਆਪਣੇ ਚੋਣ ਮੈਨੀਫ਼ੈਸਟੋ 'ਚ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਕੀਤੇ ਝੂਠੇ ਵਾਅਦੇ ਲੋਕਾਂ ਦੇ ਪ੍ਰਤੱਖ ਹੋ ਗਏ ਹਨ। ਲੋਕਾਂ ਦੇ ਜਜ਼ਬਾਤ ਅਤੇ ਭਾਵਨਾਵਾਂ ਨੂੰ ਪਹੁੰਚਾਈ ਭਾਰੀ ਠੇਸ ਲਈ ਕਾਂਗਰਸ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਮੁੱਖ ਮੰਤਰੀ ਚੰਨੀ ਦਾ ਨਾਮ ਲਏ ਬਿਨਾਂ ਕਿਹਾ, "ਪੰਜਾਬ 'ਚ ਨਕਲੀ ਕੇਜਰੀਵਾਲ ਘੁੰਮ ਰਿਹਾ ਹੈ, ਮੈਂ ਜੋ ਵੀ ਵਾਅਦਾ ਕਰਦਾ ਹਾਂ। ਦੋ ਦਿਨ ਮਗਰੋਂ ਓਹੀ ਵਾਅਦਾ ਨਕਲੀ ਕੇਜਰੀਵਾਲ ਕਰ ਦਿੰਦੇ ਹਨ। ਕੇਜਰੀਵਾਲ ਦੀ ਨਕਲ ਕਰਨਾ ਅਸਾਨ ਹੈ, ਪਰ ਅਮਲ ਕਰਨਾ ਬੇਹੱਦ ਮੁਸ਼ਕਿਲ ਹੈ। ਇਸ ਲਈ ਵੱਡਾ ਹੌਂਸਲਾ ਤੇ ਇਮਾਨਦਾਰੀ ਚਾਹੀਦੀ ਹੈ।"

ਉਨ੍ਹਾਂ ਕਿਹਾ ਕਿ ਪੰਜਾਬ 'ਚ ਸਿਰਫ਼ ਅਰਵਿੰਦ ਕੇਜਰੀਵਾਲ ਤੁਹਾਡੇ ਬਿਜਲੀ ਦੇ ਬਿੱਲ ਜ਼ੀਰੋ ਕਰ ਸਕਦਾ ਹੈ। ਉਨ੍ਹਾਂ ਸੂਬੇ 'ਚ ਫ਼ੈਲੇ ਭ੍ਰਿਸਟਾਚਾਰ ਤੇ ਮਾਫ਼ੀਆ ਨੂੰ ਲੈ ਕੇ ਮੁੱਖ ਮੰਤਰੀ ਚਰਨਜੀਤ ਚੰਨੀ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਉਨ੍ਹਾਂ ਦੇ ਸੱਜੇ ਤੇ ਖੱਬੇ ਪਾਸੇ ਮਾਫ਼ੀਆ ਬੈਠਾ ਰਹਿੰਦਾ ਹੈ। ਇਸ ਮੌਕੇ 'ਆਪ' ਸੂਬਾਈ ਪ੍ਰਧਾਨ ਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ, ਸਹਿ-ਇੰਚਾਰਜ ਰਾਘਵ ਚੱਢਾ, ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਬਲਜਿੰਦਰ ਕੌਰ, ਅਨਮੋਲ ਗਗਨ ਮਾਨ ਤੇ ਹੋਰ ਵੱਡੀ ਗਿਣਤੀ 'ਚ ਪਾਰਟੀ ਆਗੂ ਮੌਜੂਦ ਸਨ।

# ਕੈਪਟਨ ਦੇ ਪਟਿਆਲਾ ਸੀਟ ਤੋਂ ਹੀ ਚੋਣ ਲੜਨ ਦੇ ਬਿਆਨ 'ਤੇ ਸਿਆਸੀ ਤੂਫ਼ਾਨ



ਚੰਡੀਗੜ੍ਹ – ਸੂਬੇ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਇੱਕ ਇੰਟਰਵਿਊ 'ਚ ਇਹ ਐਲਾਨ ਕੀਤੇ ਜਾਣ ਤੋਂ ਬਾਅਦ ਕਿ ਉਹ ਪਟਿਆਲਾ ਸੀਟ ਤੋਂ ਹੀ ਚੋਣ ਲੜਨਗੇ, ਸੂਬੇ 'ਚ ਸਿਆਸਤ 'ਚ ਭੱਖਣੀ ਸ਼ੁਰੂ ਹੋ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਸਾਬਕਾ ਕੈਬਨਿਟ ਸਾਥੀਆਂ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਸਿਆਸੀ ਤੀਰ ਚਲਾਏ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਲ ਹੀ 'ਚ ਕਿਹਾ ਸੀ ਕਿ ਉਹ ਇਸ ਗੱਲ ਲਈ ਪੂਰੀ ਤਰ੍ਹਾਂ ਸਪੱਸ਼ਟ ਹਨ ਕਿ ਉਹ 2022 ਦੀ ਚੋਣ ਪਟਿਆਲਾ ਸੀਟ ਤੋਂ ਹੀ ਲੜਨਗੇ।

ਕੈਪਟਨ ਦਾ ਕਹਿਣਾ ਹੈ ਕਿ ਪਟਿਆਲਾ ਦੇ ਲੋਕਾਂ ਦੇ ਨਾਲ ਉਨ੍ਹਾਂ ਦਾ 400 ਸਾਲਾਂ ਦਾ ਪਰਿਵਾਰਕ ਰਿਸ਼ਤਾ ਹੈ ਜਿਸ ਨੂੰ ਉਹ ਕਿਸੇ ਨਵਜੋਤ ਸਿੰਘ ਸਿੱਧੂ ਲਈ ਨਹੀਂ ਛੱਡ ਸਕਦੇ। ਕੈਪਟਨ ਨੇ ਕਿਹਾ ਕਿ ਅੰਮ੍ਰਿਤਸਰ ਤੋਂ ਲੋਕਸਭਾ ਚੋਣਾਂ ਵੀ ਉਨ੍ਹਾਂ ਨੇ ਪਾਰਟੀ ਦੇ ਕਹਿਣ 'ਤੇ ਸਿਰਫ਼ ਇਸ ਲਈ ਲੜੀਆਂ ਸਨ ਕਿਉਂਕਿ ਪਟਿਆਲਾ ਸੀਟ ਤੋਂ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਉਮੀਦਵਾਰ ਸਨ।

ਧਿਆਨ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਵਲੋਂ ਉਨ੍ਹਾਂ ਨੂੰ 2d# ਦੀ ਕੁਰਸੀ ਤੋਂ ਹਟਾਏ ਜਾਣ ਤੋਂ ਬਾਅਦ ਕਿਹਾ ਗਿਆ ਸੀ ਕਿ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਲੜਨਗੇ ਅਤੇ ਇਹ ਯਕੀਨੀ ਕਰਨਗੇ ਕਿ ਹਰ ਹਾਲ 'ਚ ਨਵਜੋਤ ਸਿੰਘ ਸਿੱਧੂ ਦੀ ਚੋਣਾਵੀ ਹਾਰ ਹੋਵੇ। ਕੈਪਟਨ ਦਾ ਹੁਣ ਪਟਿਆਲਾ ਸੀਟ ਤੋਂ ਹੀ ਚੋਣ ਲੜਨ ਦਾ ਐਲਾਨ ਕਰਨਾ ਕਈ ਸਿਆਸੀ ਲੋਕਾਂ ਨੂੰ ਚੱਕਰ 'ਚ ਪਾ ਗਿਆ ਹੈ।

ਦਰਅਸਲ, ਕੈਪਟਨ ਅਮਰਿੰਦਰ ਸਿੰਘ ਨੇ ਕੁੱਝ ਸਮਾਂ ਪਹਿਲਾਂ ਮੀਡੀਆ ਦੇ ਸਵਾਲ ਦਾ ਜਵਾਬ ਦਿੰਦਿਆਂ ਸਪੱਸ਼ਟ ਕੀਤਾ ਸੀ ਕਿ ਉਹ ਆਪਣੀ ਉਕਤ ਗੱਲ 'ਤੇ ਕਾਇਮ ਹਨ ਕਿ ਉਹ ਹਰ ਸੰਭਵ ਕੋਸ਼ਿਸ਼ ਕਰਨਗੇ ਕਿ ਸਿੱਧੂ ਚੋਣ ਨਾ ਜਿੱਤ ਸਕੇ ਪਰ ਇਸ ਲਈ ਉਨ੍ਹਾਂ ਨੇ ਖ਼ੁਦ ਸਿੱਧੂ ਖ਼ਿਲਾਫ਼ ਚੋਣ ਲੜਨ ਦੀ ਗੱਲ ਨਹੀਂ ਸੀ ਕਹੀ ਸੀ। ਕੈਪਟਨ ਨੇ ਸਪੱਸ਼ਟ ਕੀਤਾ ਸੀ ਕਿ ਸਿੱਧੂ ਨੂੰ ਚੋਣ ਹਰਾਉਣ ਲਈ ਉਹ ਮਜ਼ਬੂਤ ਤੋਂ ਮਜ਼ਬੂਤ ਉਮੀਦਵਾਰ ਉਸ ਦੇ ਸਾਹਮਣੇ ਖੜ੍ਹਾ ਕਰਨਗੇ ਜਦਕਿ ਸਿੱਧੂ ਖ਼ੇਮੇ ਵਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਖ਼ੁਦ ਹੀ ਸਿੱਧੂ ਦੇ ਖ਼ਿਲਾਫ਼ ਚੋਣ ਲੜਨ ਦੀ ਚੁਣੌਤੀ ਦਿੱਤੀ ਗਈ ਸੀ।

**ਭੱਠਲ ਨੇ ਦਿੱਤੀ ਤਿੱਖੀ ਪ੍ਰਤੀਕਿਰਿਆ**

ਉੱਧਰ ਕੈਪਟਨ ਦੀ ਹੀ ਪੁਰਾਣੀ ਕੈਬਨਿਟ ਦੇ ਸਾਥਣ ਅਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਕੈਪਟਨ ਦੇ ਇਸ ਐਲਾਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਭੱਠਲ ਦਾ ਕਹਿਣਾ ਹੈ ਕਿ ਉਝ ਤਾਂ ਲੋਕਤੰਤਰ ਹੈ ਅਤੇ ਕੋਈ ਵੀ ਯੋਗ ਵਿਅਕਤੀ ਕਿਤੇ ਤੋਂ ਵੀ ਚੋਣ ਲੜਨ ਲਈ ਆਜ਼ਾਦ ਹੈ, ਪਰ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ 2017 'ਚ ਉਨ੍ਹਾਂ ਨੇ ਖ਼ੁਦ ਹੀ ਕਿਹਾ ਸੀ ਕਿ ਇਹ ਉਨ੍ਹਾਂ ਦੀ ਆਖਰੀ ਚੋਣ ਹੈ। ਭੱਠਲ ਨੇ ਕਿਹਾ ਕਿ ਸਿਆਸਤ 'ਚ ਉੱਚੇ ਰੁਤਬਿਆਂ 'ਤੇ ਬੈਠੇ ਲੋਕਾਂ ਵਲੋਂ ਕਹੇ ਗਏ ਸ਼ਬਦਾਂ ਦੀ ਕਾਫ਼ੀ ਅਹਮੀਅਤ ਹੁੰਦੀ ਹੈ, ਅਤੇ ਉਸ ਦੀ ਮਰਿਆਦਾ ਬਣਾਈ ਰੱਖਣਾ, ਬੋਲਣ ਵਾਲੇ 'ਤੇ ਨਿਰਭਰ ਕਰਦਾ ਹੈ, ਇਸ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਇਸ 'ਤੇ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ।

ਮੰਤਰੀ ਚੰਨੀ ਨੇ ਵੀ ਵਿੰਨ੍ਹਿਆ ਨਿਸ਼ਾਨਾ

ਉਥੇ ਹੀ, ਹਾਲ ਹੀ 'ਚ ਕੈਪਟਨ ਅਮਰਿੰਦਰ ਸਿੰਘ ਵਲੋਂ ਭਾਜਪਾ ਨਾਲ ਆਪਣੇ ਰਾਜਨੀਤਕ ਗਠਜੋੜ ਦੀਆਂ ਸੰਭਾਵਨਾਵਾਂ ਨੂੰ ਦੁਬਾਰਾ ਸਾਹਮਣੇ ਲਿਆਏ ਜਾਣ 'ਤੇ ਨਾ ਸਿਰਫ਼ ਮੰਤਰੀਆਂ ਸਗੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਉਨ੍ਹਾਂ 'ਤੇ ਨਿਸ਼ਾਨਾ ਸਾਧਿਆ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਹੁਣ ਅਜਿਹਾ ਲੱਗਣ ਲੱਗਾ ਹੈ ਕਿ ਕਿਸਾਨਾਂ ਦਾ ਜੋ ਨੁਕਸਾਨ ਹੋਇਆ ਹੈ, ਉਹ ਵਿਓਂਤਬੱਧ ਤਰੀਕੇ ਨਾਲ ਕੀਤਾ ਗਿਆ ਤਾਂ ਕਿ ਚੋਣਾਂ ਤੋਂ ਪਹਿਲਾਂ ਕਾਨੂੰਨ ਰੱਦ ਕਰਕੇ ਚੋਣਾਵੀ ਫ਼ਾਇਦਾ ਲਿਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਮੰਦਭਾਗਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਭਾਜਪਾ ਦੇ ਨਾਲ ਚੋਣਾਵੀ ਖਿੱਚੜੀ ਪਕਾ ਰਹੇ ਹਨ।

ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਹਾਲਾਂਕਿ ਇਹ ਕੈਪਟਨ ਦਾ ਨਿੱਜੀ ਮਾਮਲਾ ਹੈ, ਪਰ ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਹੈ ਕਿ ਜਿਸ ਕਾਂਗਰਸ ਪਾਰਟੀ ਨੇ ਕਈ ਦਹਾਕਿਆਂ ਤਕ ਕੈਪਟਨ ਅਮਰਿੰਦਰ ਸਿੰਘ ਨੂੰ ਅਹੁਦੇ ਅਤੇ ਸਨਮਾਨ ਦਿੱਤਾ, ਹੁਣ ਕੈਪਟਨ ਉਸ ਦੀ ਹੀ ਮੁਖ਼ਲਾਫ਼ਤ ਕਰ ਰਹੇ ਹਨ। ਜਦਕਿ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਇੱਕ ਵਾਰ ਫ਼ਿਰ ਕੈਪਟਨ ਅਮਰਿੰਦਰ ਸਿੰਘ ਨੂੰ ਭਾਜਪਾ ਦਾ ਪੁਰਾਣਾ ਕਰਮਚਾਰੀ ਕਰਾਰ ਦਿੱਤਾ ਹੈ।

# ਸਿੱਖਾਂ ਖ਼ਿਲਾਫ਼ ਬਿਆਨਬਾਜ਼ੀ ਲਈ ਡੀਐਸਜੀਐਮਸੀ ਨੇ ਮੁੰਬਈ 'ਚ ਕੰਗਣਾ ਖ਼ਿਲਾਫ਼ ਸ਼ਿਕਾਇਤ ਕਰਵਾਈ ਦਰਜ





ਮੁੰਬਈ – ਸਿੱਖ ਸੰਸਥਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੰਬਈ 'ਚ ਸ਼ਿਕਾਇਤ ਦਰਜ ਕਰਵਾ ਕੇ ਬੌਲੀਵੁਡ ਅਦਾਕਾਰਾ ਕੰਗਨਾ ਰਣੌਤ ਖ਼ਿਲਾਫ਼ FIO ਦਰਜ ਕਰਨ ਦੀ ਮੰਗ ਕੀਤੀ ਹੈ। ਸ਼ਿਕਾਇਤ 'ਚ ਦੋਸ਼ ਲਾਇਆ ਗਿਆ ਹੈ ਕਿ ਰਣੌਤ ਨੇ ਆਪਣੀਆਂ ਸ਼ੋਸ਼ਲ ਮੀਡੀਆ ਪੋਸਟਾਂ 'ਚ ਸਿੱਖ ਭਾਈਚਾਰੇ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਹੈ। ਖਾਰ ਪੁਲੀਸ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਤੋਂ ਇੱਕ ਸ਼ਿਕਾਇਤ ਮਿਲੀ ਸੀ ਅਤੇ ਉਹ ਇਸ ਦੀ ਜਾਂਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਡੀਐਸਜੀਐਮਸ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ 'ਚ ਇੱਕ ਵਫ਼ਦ ਨੇ ਰਣੌਤ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ, ਡੀਐਸਜੀਐਮਸ ਨੇ ਜ਼ਿਕਰ ਕੀਤਾ ਕਿ ਰਣੌਤ ਨੇ ਜਾਣਬੁੱਝ ਕੇ ਕਿਸਾਨਾਂ ਦੇ ਵਿਰੋਧ (ਕਿਸਾਨ ਮੋਰਚੇ) ਨੂੰ ਖ਼ਾਲਿਸਤਾਨੀ ਅੰਦੋਲਨ ਵਜੋਂ ਦਰਸਾਇਆ ਅਤੇ ਸਿੱਖ ਭਾਈਚਾਰੇ ਨੂੰ ਖ਼ਾਲਿਸਤਾਨੀ ਅਤਿਵਾਦੀ ਕਰਾਰ ਦਿੱਤਾ। ਅਧਿਕਾਰੀ ਨੇ ਸ਼ਿਕਾਇਤ ਦੇ ਹਵਾਲੇ ਨਾਲ ਕਿਹਾ ਕਿ ਇਸ 'ਚ ਦਾਅਵਾ ਕੀਤਾ ਗਿਆ ਹੈ ਕਿ ਉਸ ਨੇ 1984 ਅਤੇ ਇਸ ਤੋਂ ਪਹਿਲਾਂ ਦੀ ਨਸਲਕੁਸ਼ੀ ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਯੋਜਨਾਬੱਧ ਕਦਮ ਦੱਸਿਆ ਸੀ।

# ਕੈਪਟਨ 'ਤੇ ਰਾਜਾ ਵੜਿੰਗ ਦਾ ਤਿਖਾ ਸ਼ਬਦੀ ਹਮਲਾ

ਪਟਿਆਲਾ – ਪੰਜਾਬ ਦੇ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ ਨੂੰ ਲੈ ਕੇ ਉਨ੍ਹਾਂ 'ਤੇ ਵੱਡਾ ਹਮਲਾ ਬੋਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਕੋਈ ਵੀ ਕਾਂਗਰਸੀ ਵਰਕਰ ਕੈਪਟਨ ਦੀ ਨਵੀਂ ਪਾਰਟੀ 'ਚ ਜਾਵੇਗਾ ਤਾਂ ਉਸ ਨੂੰ ਕਾਂਗਰਸ 'ਚੋਂ ਬਾਹਰ ਕੀਤਾ ਜਾਵੇਗਾ ਅਤੇ ਜਿਵੇਂ ਕੈਪਟਨ ਦੀ ਪਾਰਟੀ ਪਹਿਲਾਂ ਫ਼ੇਲ੍ਹ ਹੋਈ ਸੀ, ਹੁਣ ਵੀ ਉਸੇ ਤਰ੍ਹਾਂ ਪੰਜਾਬ 'ਚ ਕੈਪਟਨ ਦੀ ਪਾਰਟੀ ਫ਼ਲੌਪ ਸਾਬਿਤ ਹੋਵੇਗੀ ਅਤੇ ਜ਼ਮਾਨਤਾਂ ਜ਼ਬਤ ਹੋਣਗੀਆਂ। ਟਰਾਂਸਪੋਰਟ ਮੰਤਰੀ ਪਟਿਆਲਾ ਵਿਖੇ ਪਹੁੰਚੇ ਸਨ।

ਦਰਅਸਲ ਪੰਜਾਬ 'ਚ ਜਦੋਂ ਦਾ ਕਾਂਗਰਸ ਪਾਰਟੀ 'ਚ ਮੰਤਰੀਆਂ ਦਾ ਫ਼ੇਰਬਦਲ ਕੀਤਾ ਗਿਆ ਹੈ ਅਤੇ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਨਵਾਂ ਮੁੱਖ ਮੰਤਰੀ ਬਣਾਇਆ ਗਿਆ ਹੈ, ਉਦੋਂ ਤੋਂ ਹੀ ਕਾਂਗਰਸ ਪਾਰਟੀ ਵਲੋਂ ਪੰਜਾਬ 'ਚ ਚੇਅਰਮੈਨੀਆਂ ਬਲਾਕ ਸੰਮਤੀ ਜਾਂ ਜ਼ਿਲ੍ਹਾ ਪ੍ਰਧਾਨ ਨਵੇਂ ਲਗਾਏ ਗਏ ਹਨ। ਇਸ ਦੇ ਚੱਲਦਿਆਂ ਸ਼ਾਹੀ ਸ਼ਹਿਰ ਪਟਿਆਲਾ ਵਿਖੇ wz f2 ਦੇ ਪੁਰਾਣੇ ਚੇਅਰਮੈਨ ਕੇ.ਕੇ.ਸ਼ਰਮਾ ਦੀ ਛੁੱਟੀ ਕਰ ਕੇ ਉਨ੍ਹਾਂ ਦੀ ਜਗ੍ਹਾ ਜ਼ੈਲਦਾਰ ਸਤਵਿੰਦਰ ਸਿੰਘ ਚੈੜੀਆਂ ਨੂੰ wz f# ਦਾ ਨਵਾਂ ਚੇਅਰਮੈਨ ਬਣਾਇਆ ਗਿਆ ਹੈ। ਪਟਿਆਲਾ ਦੇ ਨਾਭਾ ਰੋਡ ਸਥਿਤ ਮੁੱਖ ਦਫ਼ਤਰ ਵਿਖੇ ਨਵੇਂ ਬਣੇ ਚੇਅਰਮੈਨ ਨੇ ਆਪਣਾ ਅਹੁਦਾ ਸੰਭਾਲਿਆ। ਅਹੁਦਾ ਸੰਭਾਲਣ ਮੌਕੇ ਰੱਖੇ ਗਏ ਸਮਾਗਮ 'ਚ ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਨਵ-ਨਿਯੁਕਤ ਚੇਅਰਮੈਨ ਜ਼ੈਲਦਾਰ ਸਤਵਿੰਦਰ ਸਿੰਘ ਚੈੜੀਆਂ ਨੂੰ ਨਿਯੁਕਤੀ ਪੱਤਰ ਦੇ ਕੇ ਸਨਮਾਨਤ ਕੀਤਾ।



ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਇੱਕ ਸਾਧਾਰਨ ਮੁੱਖ ਮੰਤਰੀ ਵੱਲੋਂ ਇੱਕ ਸਾਧਾਰਨ ਪਰਿਵਾਰ ਦੇ 'ਚੋਂ ਪੀਆਰਟੀਸੀ ਦਾ ਨਵਾਂ ਚੇਅਰਮੈਨ ਬਣਾਇਆ ਗਿਆ ਹੈ ਜਿਸ ਦੀ ਬਹੁਤ ਖ਼ੁਸ਼ੀ ਹੈ। ਉਨ੍ਹਾਂ ਕਿਹਾ ਕਿ ਪੀਆਰਟੀਸੀ ਦੇ ਪਿਛਲੇ ਚੇਅਰਮੈਨ ਕੇ.ਕੇ.ਸ਼ਰਮਾ ਨੂੰ ਉਹ ਕਦੇ ਨਹੀਂ ਮਿਲੇ ਅਤੇ ਜੇਕਰ ਪਿਛਲੇ ਚੇਅਰਮੈਨ ਟਰਾਂਸਪੋਰਟ ਮਹਿਕਮੇ ਦੇ ਮੰਤਰੀ ਨੂੰ ਹੀ ਨਹੀਂ ਮਿਲੇ ਤਾਂ ਫ਼ਿਰ ਆਮ ਲੋਕਾਂ ਨੂੰ ਕੀ ਮਿਲਦੇ ਹੋਣਗੇ। ਉੱਥੇ ਹੀ ਉਨ੍ਹਾਂ ਪੀਆਰਟੀਸੀ ਪੀਆਰਟੀਸੀ ਦੇ ਰੈਵੇਨਿਊ ਬਾਰੇ ਬੋਲਦਿਆਂ ਕਿਹਾ ਕਿ ਇੱਕ ਕਰੋੜ 40 ਲੱਖ ਦਾ ਰੈਵੇਨਿਊ ਪਿਛਲੇ ਸਾਲ ਨਾਲੋਂ ਹੋਇਆ ਹੈ। ਉੱਥੇ ਹੀ ਉਨ੍ਹਾਂ ਸਖ਼ਤ ਸ਼ਬਦਾਂ 'ਚ ਕਿਹਾ ਕਿ ਪੀਆਰਟੀਸੀ 'ਚ ਘੁਟਾਲਾ ਕਰਨ ਵਾਲੇ ਅਧਿਕਾਰੀਆਂ ਨੂੰ ਨਹੀਂ ਬਖ਼ਸ਼ਿਆ ਜਾਵੇਗਾ ਅਤੇ ਉਨ੍ਹਾਂ ਲਈ ਵਿਸ਼ੇਸ਼ ਟੀਮ ਬਣਾਈ ਗਈ ਹੈ, ਜੋ ਕਿ ਘੁਟਾਲਾ ਕਰਨ ਵਾਲੇ ਅਧਿਕਾਰੀਆਂ ਦਾ ਪਰਦਾਫ਼ਾਸ਼ ਕਰੇਗੀ।ਉੱਥੇ ਹੀ ਉਨ੍ਹਾਂ ਕਿਹਾ ਕਿ ਪੰਜਾਬ 'ਚ ਬਿਨਾਂ ਟੈਕਸ ਭਰਨ ਵਾਲੀ ਬੱਸ ਨੂੰ ਸੜਕਾਂ 'ਤੇ ਨਹੀਂ ਚੱਲਣ ਦਿੱਤਾ ਜਾਵੇਗਾ ਅਤੇ ਜਿਵੇਂ ਪੰਜਾਬ 'ਚ ਉਨ੍ਹਾਂ ਨੇ ਪਹਿਲਾਂ ਬਿਨਾਂ ਪਰਮਿਟ ਤੋਂ ਬੱਸਾਂ ਬੰਦ ਕੀਤੀਆਂ ਹਨ ਅਤੇ ਹੁਣ ਵੀ ਬਿਨਾਂ ਟੈਕਸ ਭਰੇ ਬੱਸ ਨਹੀਂ ਚੱਲੇਗੀ। ਉੱਥੇ ਹੀ ਉਨ੍ਹਾਂ ਪੰਜਾਬ 'ਚ ਕਾਂਗਰਸੀ ਵਰਕਰਾਂ ਦੀਆਂ ਬੱਸਾਂ ਬੰਦ ਨਾ ਕਰਨ ਦੇ ਸਵਾਲ 'ਚ ਕਿਹਾ ਕਿ ਸੁਖਬੀਰ ਸਿੰਘ ਬਾਦਲ ਝੂਠਾ ਇਨਸਾਨ ਹੈ ਸਗੋਂ ਉਨ੍ਹਾਂ ਨੇ ਕਾਂਗਰਸੀ ਵਰਕਰਾਂ ਦੀਆਂ ਬੱਸਾਂ ਨੂੰ ਵੀ ਬੰਦ ਕੀਤਾ। ਉੱਥੇ ਹੀ ਉਨ੍ਹਾਂ ਨੇ ਪੀਆਰਟੀਸੀ ਅਤੇ ਪਨਬੱਸ ਦੇ ਕਰਮਚਾਰੀਆਂ ਦੀ ਹੜਤਾਲ ਨੂੰ ਲੈ ਕੇ ਕਿਹਾ ਕਿ 23 ਤਾਰੀਖ ਤੋਂ ਕੋਈ ਵੀ ਕਰਮਚਾਰੀ ਹੜਤਾਲ ਨਹੀਂ ਕਰੇਗਾ ਅਤੇ ਜੋ ਵੀ ਇਨ੍ਹਾਂ ਦੀਆਂ ਮੰਗਾਂ ਹਨ, ਉਹ ਚਰਨਜੀਤ ਸਿੰਘ ਚੰਨੀ ਜਲਦੀ ਹੀ ਹੱਲ ਕਰਨਗੇ।


Solid like a Rock
Looking to Buy/Sell ?
We know the difference between Home & House
Honesty, Integrity & Experience
Specializing in Investment & Income Producing Real Estate
Nlight Real Estate
Tel:516 NLIGHT4
REALTOR
MLS
EQUAL HOUSING OPPORTUNITY
Since 2007
Sharanjit Singh Thind
Real Estate Broker/Notary Public
180 Broadway, PH 3A, Hicksville NY 11801
Email: homes@nlightrealestate.com
www.nlightrealestate.com

# ਕੌਣ ਕਰੇਗਾ ਚੋਣ ਵਾਅਦਿਆਂ ਦੀ ਕਾਨੂੰਨੀ ਜਵਾਬਦੇਹੀ ?

ਇੰਜ ਲਗਦਾ ਹੈ ਚੋਣ ਤੇ ਵੋਟ ਦੀ ਰਾਜਨੀਤੀ ਨੇਤਾਵਾਂ ਦੀ ਮਜਬੂਰੀ ਬਣ ਗਈ ਹੈ। ਸਭ ਰਾਜਨੀਤਕ ਪਾਰਟੀਆਂ ਦੇ ਲੀਡਰ ਚੋਣਾਂ ਦੇ ਕਰੀਬ ਦੋ ਸਾਲ ਬਾਕੀ ਰਹਿੰਦਿਆਂ ਹੀ ਨਵੀਂਆਂ ਨੀਤੀਆਂ ਤੇ ਵਾਅਦਿਆਂ ਦੀ ਖੋਜ ਵਿਚ ਲੱਗ ਜਾਂਦੇ ਹਨ। ਉਹ ਮੌਜੂਦਾ ਸਰਕਾਰ ਦੀਆਂ ਅਸਫਲਤਾਵਾਂ 'ਚੋਂ ਆਪਣੇ ਮੁੱਦੇ ਲੱਭਦੇ ਹਨ ਅਤੇ ਵਾਅਦਿਆਂ ਦੀ ਉਸਾਰੀ ਸ਼ੁਰੂ ਕਰ ਦਿੰਦੇ ਹਨ। ਕੌਮੀ ਅਤੇ ਰਾਜ ਪੱਧਰ 'ਤੇ ਹਰ ਪਾਰਟੀ ਨੇ ਆਪਣਾ ਪੁਨਰਗਠਨ ਸ਼ੁਰੂ ਕਰ ਦਿੱਤਾ ਹੈ। ਸਭ ਰਾਜਸੀ ਪਾਰਟੀਆਂ ਦੀਆਂ ਹਾਈਕਮਾਨਾਂ ਨੀਤੀ ਘਾੜਿਆਂ ਨਾਲ ਸਲਾਹ-ਮਸ਼ਵਰੇ ਆਰੰਭ ਕਰ ਰਹੀਆਂ ਹਨ। ਕੁਝ ਮਹੀਨੇ ਪਹਿਲਾਂ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕਈ ਮੰਤਰੀ ਹਟਾਏ ਹਨ ਤੇ ਕਈ ਨਵੇਂ ਸਜਾਏ ਹਨ। ਹਰ ਮੰਤਰੀ ਦੇ ਬਣਨ ਅਤੇ ਹਟਣ ਦੀ ਆਪਣੀ ਕਹਾਣੀ ਹੈ। ਹਰ ਰਾਜਸੀ ਪਾਰਟੀ ਚੋਣ ਰਣਨੀਤੀ ਦੇ ਪੱਖ ਤੋਂ ਕੰਮ ਆਉਣ ਵਾਲੇ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ. ਤੇ ਹੋਰ ਸੇਵਾ-ਮੁਕਤ ਅਧਿਕਾਰੀਆਂ 'ਤੇ ਨਜ਼ਰ ਰੱਖਦੀ ਹੈ।ਉਹ ਫ਼ਿਲਮੀ ਸਿਤਾਰਿਆਂ, ਕਲਾਕਾਰਾਂ ਤੇ ਹੋਰ ਵੱਡੇ ਨਾਂਅ ਕਮਾ ਚੁੱਕੇ ਕਾਲਜਾਂ, ਯੂਨੀਵਰਸਿਟੀਆਂ ਦੇ ਮੁਖੀਆਂ ਅਤੇ ਯੂਨੀਅਨਾਂ 'ਤੇ ਵੀ ਨਜ਼ਰ ਰੱਖਦੇ ਹਨ ਤਾਂ ਜੋ ਉਹ ਚੋਣ ਰੈਲੀਆਂ ਵਿਚ ਭੀੜਾਂ ਜੁਟਾਉਣ ਲਈ ਉਨ੍ਹਾਂ ਦੀ ਬਣੀ ਸ਼ਾਨ ਤੇ ਖਿੱਚ ਦਾ ਲਾਭ ਉਠਾ ਸਕੇ। ਇਸ ਸੰਦਰਭ ਵਿਚ ਤੁਸੀਂ ਕਿਰਨ ਖੇਰ ਤੇ ਸਨੀ ਦਿਓਲ, ਸ਼ਤਰੂਘਨ ਸਿਨਹਾ, ਪਰਗਟ ਸਿੰਘ, ਹੰਸਰਾਜ ਹੰਸ, ਗੌਤਮ ਗੰਭੀਰ ਅਤੇ ਨਵਜੋਤ ਸਿੰਘ ਸਿੱਧੂ, ਸਮ੍ਰਿਤੀ ਇਰਾਨੀ ਆਦਿ ਦਾ ਨਾਂਅ ਲੈ ਸਕਦੇ ਹੋ। ਇਸੇ ਤਰ੍ਹਾਂ ਆਰਥਿਕਤਾ ਵਿਚ ਨੀਤੀ ਮਾਹਰਾਂ ਅਤੇ ਵੱਡੇ ਸਨਅਤੀ ਧਨਾਢਾਂ 'ਤੇ ਵੀ ਨਜ਼ਰ ਰਹਿੰਦੀ ਹੈ। ਹਰ ਸਰਕਾਰ ਪਹਿਲੇ ਦੋ ਸਾਲਾਂ 'ਚ ਕੁਝ ਵਾਅਦੇ ਪੂਰੇ ਕਰਦੀ ਹੈ, ਅਗਲੇ ਸਾਲ ਟੈਕਸ ਲਾਉਂਦੀ ਹੈ ਅਤੇ ਅਖੀਰਲੇ ਸਾਲ ਵਿਕਾਸ ਦੇ ਤੋਹਫ਼ੇ ਤੇ ਵਾਅਦਿਆਂ ਦੇ ਗੱਫੇ ਵੰਡਦੀ ਹੈ। ਜੇਕਰ ਪੰਜਾਬ 'ਤੇ ਜ਼ਰਾ ਨਜ਼ਰ ਮਾਰੀਏ ਤਾਂ 18 ਨੁਕਾਤੀ ਪ੍ਰੋਗਰਾਮ 'ਤੇ ਕੰਮ ਕਰਨ ਦੀ ਲੋੜ ਹੈ। ਹੁਣ ਜੇ ਇਹ ਸਭ ਕੁਝ ਹੋਵੇ ਤਾਂ ਆਖਿਰ ਕੀ ਪ੍ਰੇਸ਼ਾਨੀ ਹੋ ਸਕਦੀ ਹੈ ? ਰਾਜਨੀਤੀ ਕਿਸੇ ਦੀ ਵੀ ਮੁਕੰਮਲ ਨਹੀਂ ਹੈ, ਇਹ ਕਈ ਕਮਜ਼ੋਰੀਆਂ ਉਜਾਗਰ ਕਰ ਦਿੰਦੀ ਹੈ। ਕੋਈ ਅਧਿਕਾਰੀ ਗ਼ਲਤੀ ਕਰਦਾ ਹੈ ਜਾਂ ਵਿਧਾਇਕ ਗ਼ਲਤੀ ਕਰਦਾ ਹੈ ਤਾਂ ਉਹ ਮੁੱਖ ਮੰਤਰੀ ਦੀ ਹੀ ਗ਼ਲਤੀ ਸਮਝੀ ਜਾਂਦੀ ਹੈ। ਵਿਰੋਧੀ ਧਿਰਾਂ ਨੂੰ ਇਨ੍ਹਾਂ ਗ਼ਲਤੀਆਂ ਤੋਂ ਮੁੱਦੇ ਮਿਲ ਜਾਂਦੇ ਹਨ। ਪੰਜਾਬ ਅੰਦਰ ਬਰਗਾੜੀ ਕਾਂਡ ਵਿਚ ਪੁਲਿਸ ਅਧਿਕਾਰੀਆਂ ਦੀ ਮਾੜੀ ਕਾਰਗੁਜ਼ਾਰੀ, ਆਈ.ਏ.ਐਸ. ਅਧਿਕਾਰੀਆਂ ਦੀ ਮਾੜੀ ਕਾਰਗੁਜ਼ਾਰੀ ਕੈਪਟਨ ਦੇ ਜੜ੍ਹੀਂ ਬਹਿ ਗਈ ਸੀ, ਤੇ ਇਸ ਦਾ ਕੋਈ ਜਵਾਬ ਨਜ਼ਰ ਨਹੀਂ ਆ ਰਿਹਾ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਲੋਂ ਕੀਤੇ ਬਿਜਲੀ ਸਮਝੌਤਿਆਂ 'ਤੇ ਕਿਸੇ ਦੀ ਨਜ਼ਰ ਹੀ ਨਹੀਂ ਗਈ ਤੇ ਵਿਰੋਧੀ ਧਿਰਾਂ ਨੂੰ ਸਰਕਾਰ ਦੀ ਨਾਕਾਮ ਕਾਰਗੁਜ਼ਾਰੀ ਅਤੇ ਅਕਾਲੀ ਦਲ, ਭਾਜਪਾ ਦੀ ਵਿਵਾਦੀ ਕਾਰਗੁਜ਼ਾਰੀ ਦੇ ਮੁੱਦੇ ਮਿਲ ਗਏ। ਇਨ੍ਹਾਂ ਦਾ ਫਾਇਦਾ ਕ੍ਰਿਕਟਰ ਤੇ ਰਾਜਨੇਤਾ ਨਵਜੋਤ ਸਿੰਘ ਸਿੱਧੂ ਉਠਾ ਗਿਆ ਅਤੇ ਉਹ ਆਪਣੀ ਹਾਈਕਮਾਨ ਨੂੰ ਇਹ ਸਮਝਾਉਣ ਵਿਚ ਕਾਮਯਾਬ ਹੋ ਗਿਆ ਕਿ ਆਉਂਦੀਆਂ ਚੋਣਾਂ ਵਿਚ ਸਾਨੂੰ ਹੱਲ ਤਲਾਸ਼ਣੇ ਪੈਣਗੇ। ਸਿੱਧੂ ਦੀ ਚੜ੍ਹਤ ਮੌਕੇ ਦੀ ਸਥਿਤੀ ਸੰਭਾਲਣ, ਸਵਾਰਨ ਅਤੇ ਅੱਗੇ ਭਵਿੱਖ ਦਾ ਉਜਾਲਾ ਦਿਖਾਉਣ ਵਿਚ ਕਿਸੇ ਹੱਦ ਤੱਕ ਕਾਮਯਾਬ ਹੋਈ ਹੈ। ਅਸਲ ਵਿਚ ਗੱਲ ਸ਼ੁਰੂ ਹੋਈ ਸੀ ਕਿ ਚੋਣਾਂ ਵੋਟਾਂ ਤੇ ਨੀਤੀਆਂ ਨਾਲ ਜਿੱਤੀਆਂ ਜਾਂਦੀਆਂ ਹਨ ਤੇ ਵੋਟਾਂ ਲਈ ਚੰਗੀਆਂ ਨੀਤੀਆਂ ਕੰਮ ਆਉਂਦੀਆਂ ਹਨ।

ਇਨ੍ਹਾਂ ਨੀਤੀਆਂ ਵਿਚ ਕੈਪਟਨ ਅਮਰਿੰਦਰ ਸਿੰਘ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਘਰ-ਘਰ ਨੌਕਰੀ ਅਤੇ ਸਸਤੀ ਬਿਜਲੀ ਦੇ ਵਾਅਦੇ ਅਧੂਰੇ ਪੈ ਗਏ, ਜਿਸ ਕਰਕੇ ਹਾਈਕਮਾਨ ਵਲੋਂ ਅਠਾਰਾਂ ਨੁਕਾਤੀ ਪ੍ਰੋਗਰਾਮ ਦਿੱਤਾ ਗਿਆ। ਗੱਲ ਚੋਣਾਂ ਜਿੱਤਣ ਦੀ ਚੱਲ ਰਹੀ ਹੈ ਅਤੇ ਇਸ ਲਈ ਆਪ ਦਾ ਮੁਖੀ ਕੇਜਰੀਵਾਲ 300 ਯੂਨਿਟ ਫ੍ਰੀ ਬਿਜਲੀ ਦੇਣ ਦੇ ਵਾਅਦੇ ਵੀ ਕਰ ਗਿਆ ਹੈ, ਜਿਸ ਦਾ ਢੁਕਵਾਂ ਉੱਤਰ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਦਿੱਤਾ ਹੈ। ਕੇਜਰੀਵਾਲ ਦੀ ਇਸ ਗੱਲ ਤੋਂ ਕਾਂਗਰਸ ਨੇ ਸਮਝ ਲਿਆ ਕਿ ਉਹ ਜਿੱਤੀ ਹੋਈ ਬਾਜ਼ੀ ਹਾਰ ਰਹੀ ਹੈ ਅਤੇ ਉਸ ਨੇ ਇਸ ਦੇ ਜਵਾਬ ਲਈ ਸਿੱਧੂ ਨੂੰ ਤਿਆਰ ਕੀਤਾ ਤੇ ਉਸ ਨੇ ਵੀ ਮੋੜਵਾਂ ਜਵਾਬ ਦਿੱਤਾ ਤੇ ਕੁਝ ਸੰਤੁਲਨ ਬਣਿਆ। ਪਰ ਕੇਜਰੀਵਾਲ ਨੇ ਪੰਜਾਬ ਦੇ ਥਰਮਲ ਪਲਾਂਟ ਬੰਦ ਕਰਨ ਅਤੇ ਪੰਜਾਬ 'ਤੇ ਪ੍ਰਦੂਸ਼ਣ ਫੈਲਾਉਣ ਦੇ ਵਾਰ-ਵਾਰ ਦੋਸ਼ ਲਗਾਉਣ ਅਤੇ ਸੁਪਰੀਮ ਕੋਰਟ ਤੋਂ ਆਕਸੀਜਨ ਗੈਸ ਅਤੇ ਪ੍ਰਦੂਸ਼ਣ ਦੇ ਮੁੱਦੇ 'ਤੇ ਝਾੜ ਖਾਣ ਉਪਰੰਤ ਆਪ ਦੀ ਚੜ੍ਹਤ ਕੁਝ ਕਮਜ਼ੋਰ ਪੈ ਗਈ ਹੈ। ਪਰ ਇਹ ਤਾਂ ਨਿਤ ਰੋਜ਼ ਦੀ ਸ਼ਤਰੰਜ ਦੀ ਖੇਡ ਹੈ। ਅਫ਼ਸੋਸ ਤਾਂ ਸ਼੍ਰੋਮਣੀ ਅਕਾਲੀ ਦਲ 'ਤੇ ਹੁੰਦਾ ਹੈ ਕਿ ਉਹ ਸੌ ਸਾਲ ਦੀ ਪਾਰਟੀ ਮੁੱਦਿਆਂ ਤੋਂ ਕਿਉਂ ਪਛੜ ਰਹੀ ਹੈ ? ਕਿਸਾਨੀ, ਬਰਗਾੜੀ ਕਾਂਡ ਅਤੇ ਮਹਿੰਗੀ ਬਿਜਲੀ ਦੇ ਮੁੱਦੇ ਉਸ ਦੇ ਸਿਰ 'ਤੇ ਮੜ੍ਹੇ ਜਾ ਰਹੇ ਹਨ ਅਤੇ ਇਨ੍ਹਾਂ ਦਾ ਕੋਈ ਢੁਕਵਾਂ ਉੱਤਰ ਲੋਕਾਂ ਨੂੰ ਨਹੀਂ ਮਿਲ ਰਿਹਾ। ਇਸ ਤਰ੍ਹਾਂ ਜਿਵੇਂ ਕਾਂਗਰਸ ਦੀ ਸਥਿਤੀ ਕੁਝ ਸਪੱਸ਼ਟ ਹੁੰਦੀ ਜਾ ਰਹੀ ਹੈ, ਆਪ ਅਤੇ ਅਕਾਲੀ ਦਲ, ਬਸਪਾ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਕਿਉਂਕਿ ਸਥਾਪਤੀ ਵਿਰੋਧੀ ਰੁਝਾਨ ਦਾ ਮੁੱਦਾ ਸਾਰਾ ਫਿਰ ਅਕਾਲੀ ਦਲ ਦੇ ਸਿਰ 'ਤੇ ਮੜ੍ਹਿਆ ਜਾ ਰਿਹਾ ਹੈ। ਮਹਿੰਗੀ ਬਿਜਲੀ ਦੇ ਮੁੱਦੇ ਨੇ ਵਧੇਰੇ ਨੁਕਸਾਨ ਅਕਾਲੀ ਦਲ ਦਾ ਹੀ ਕੀਤਾ ਹੈ। ਬਿਜਲੀ ਸਮਝੌਤੇ ਬਹੁਤ ਵੱਡਾ ਮੁੱਦਾ ਸਨ। ਬਰਗਾੜੀ ਕਾਂਡ ਵੀ ਬਹੁਤ ਵੱਡਾ ਮੁੱਦਾ ਸੀ। ਬਿਜਲੀ ਦੇ ਮੁੱਦੇ ਵਿਚ ਸੌਦੇਬਾਜ਼ੀ ਦੀ ਗੱਲ ਹੈ ਤੇ ਅਰਵਿੰਦ ਕੇਜਰੀਵਾਲ ਕੰਪਨੀਆਂ ਤੋਂ ਸਸਤੀ ਬਿਜਲੀ ਹਾਸਲ ਕਰ ਰਹੇ ਹਨ, ਇਹ ਵੀ ਵਪਾਰਕ ਮੁੱਦਾ ਹੈ। ਗੱਲ ਸ਼ੁਰੂ ਹੋਈ ਸੀ ਵਾਅਦੇ ਕਰਨੇ ਤੇ ਵੋਟਾਂ ਲੈਣ ਦੀ। ਰਾਜਨੀਤੀਵਾਨ ਸੋਚਦੇ ਹਨ ਕਿ ਹਜ਼ਾਰ, ਦੋ ਹਜ਼ਾਰ ਜਾਂ ਤਿੰਨ ਹਜ਼ਾਰ ਦਾ ਬੇਰੁਜ਼ਗਾਰਾਂ ਨੂੰ ਲਾਲਚ ਦੇ ਕੇ ਤੇ ਪੈਨਸ਼ਨਾਂ ਆਦਿ ਨਾਲ ਤਮਿਲਨਾਡੂ ਵਾਂਗ ਲੋਕਾਂ ਨੂੰ ਭਰਮਾਇਆ ਜਾਵੇ। ਬਿਜਲੀ ਪੰਜ ਰੁਪਏ ਯੂਨਿਟ ਦਿੱਤੀ ਜਾਵੇ ਅਤੇ ਸਿਹਤ, ਸਿੱਖਿਆ ਜ਼ਕਿਸੇ ਹੱਦ ਤੱਕ ਮੁਫ਼ਤ ਕੀਤੀ ਜਾਵੇ। ਚਾਹੀਦਾ ਇਹ ਹੈ ਕਿ ਵਾਅਦੇ ਕਾਨੂੰਨ ਦੀ ਸ਼ਕਲ ਅਖ਼ਤਿਆਰ ਕਰਨ। ਜੇਕਰ ਕੋਈ ਸੱਤਾਧਾਰੀ ਪਾਰਟੀ ਦਾਅਵੇ ਪੂਰੇ ਨਹੀਂ ਕਰਦੀ ਤਾਂ ਉਸ ਦੀ ਜਵਾਬਦੇਹੀ ਹੋਵੇ। ਕਿੰਨੀ ਦੇਰ ਇਹ ਲੀਡਰ ਲੋਕਾਂ ਨੂੰ ਗੁੰਮਰਾਹ ਕਰਦੇ ਰਹਿਣਗੇ ? ਜਦ ਤੱਕ ਇਨ੍ਹਾਂ 'ਤੇ ਕਾਨੂੰਨੀ ਪਾਬੰਦੀ ਨਹੀਂ ਲਗਦੀ, ਆਇਆ ਰਾਮ ਗਿਆ ਰਾਮ ਚਲਦਾ ਰਹੇਗਾ ਅਤੇ ਕਈ ਸੰਸਦ ਮੈਂਬਰਾਂ ਦੇ ਗੁਆਚਣ ਦੇ ਪੋਸਟਰ ਲਗਦੇ ਰਹਿਣਗੇ। ਨਾਲ ਹੀ ਇਹ ਕਾਨੂੰਨ ਬਣਾਉਣਾ ਵੀ ਲਾਜ਼ਮੀ ਹੋਣਾ ਚਾਹੀਦਾ ਹੈ ਕਿ ਚੋਣਾਂ ਲੜਨ ਵਾਲਾ ਉਸ ਇਲਾਕੇ ਵਿਚ ਪੰਜ ਸਾਲ ਤੋਂ ਵੱਧ ਸਮਾਂ ਰਿਹਾ ਹੋਵੇ। ਮੁੰਬਈ ਤੋਂ ਬੈਠ ਕੇ ਗੁਰਦਾਸਪੁਰ ਵਿਚ ਰਾਜ ਨਾ ਕਰੇ ਤੇ ਜਲੰਧਰ ਰਹਿੰਦਾ ਲੀਡਰ ਦਿੱਲੀ ਜਾ ਕੇ ਰਾਜ ਨਾ ਕਰੇ। ਰਾਜਨੀਤੀ ਦਾ ਮੇਲਾ ਆਰੰਭ ਹੈ, ਲੋਕ ਸਾਵਧਾਨ ਹੋਣ ਅਤੇ ਚੋਣ ਪ੍ਰਣਾਲੀ ਵਿਚ ਦਿਸਦੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਸਿਆਣਪ ਤੋਂ ਕੰਮ ਲੈਣ ਅਤੇ ਸੰਵਿਧਾਨ ਦੇ ਅਨੁਸਾਰ ਆਪਣੇ ਆਚਰਨ ਨੂੰ ਢਾਲਣ। ਚੰਗਾ ਹੋਵੇਗਾ ਜੇ ਕਿਸਾਨੀ, ਰੁਜ਼ਗਾਰ, ਗ਼ਰੀਬੀ, ਮਹਿੰਗਾਈ, ਨਸ਼ੇ, ਧਰਤੀ ਥੱਲੇ ਦੇ ਪਾਣੀ, ਪ੍ਰਦੂਸ਼ਣ, ਪਰਾਲੀ ਸਾੜਨ, ਅਵਾਰਾ ਪਸ਼ੂਆਂ ਨੂੰ ਸੰਭਾਲਣ ਦੇ ਪ੍ਰਬੰਧ ਅਤੇ ਸਮਾਜਿਕ ਕੁਰੀਤੀਆਂ ਖ਼ਤਮ ਕਰਨ, ਬਜ਼ੁਰਗਾਂ ਦੀ ਦੇਖਭਾਲ ਕਰਨ ਦੇ ਮੁੱਦੇ ਵੀ ਚੋਣ ਮੁੱਦਿਆਂ ਵਿਚ ਸ਼ਾਮਿਲ ਹੋਣ। ਕਾਂਗਰਸ ਤਾਂ ਹੀ ਬਚ ਸਕਦੀ ਹੈ ਜੇਕਰ ਮੁੱਖ ਮੰਤਰੀ ਚੰਨੀ, ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਹੋਰ ਜ਼ਿੰਮੇਵਾਰ ਆਗੂ ਆਪਸੀ ਏਕਤਾ ਨਾਲ ਏਜੰਡੇ 'ਤੇ ਕੰਮ ਕਰਨ।



# ਸਾਡੇ ਹੁੰਦਿਆਂ ਮੁਲਕ 'ਚ ਢਿੱਡ ਭੁੱਖੇ ਕਿਉਂ ?

ਵਤਨ ਦੇ ਹਾਕਮੋ ! ਅਸੀਂ ਦਿੱਲੀ ਦੀਆਂ ਬਰੂਹਾਂ ਤੋਂ ਤੁਹਾਨੂੰ ਮੁਖ਼ਾਤਿਬ ਹਾਂ। ਅਸੀਂ ਇੱਥੇ ਬੈਠਿਆਂ ਨੇ ਇਹ ਖ਼ਬਰ ਸੁਣੀ ਹੈ ਕਿ ਦੋ ਸੰਸਥਾਵਾਂ 'ਕਨਸਰਨ ਵਰਲਡਵਾਈਡ' ਅਤੇ 'ਵੈਲਟ ਹੰਗਰ ਹਿਲਪੇ' ਨੇ ਸਾਂਝੇ ਤੌਰ ਤੇ ਦੁਨੀਆ ਵਿਚ ਭੁੱਖਮਰੀ ਬਾਰੇ ਦਰਜਾਬੰਦੀ ਜਾਰੀ ਕੀਤੀ ਹੈ। ਇਸ ਵਿਚ ਦੁਨੀਆ ਦੇ 116 ਮੁਲਕ ਰੱਖੇ ਹਨ। ਇਨ੍ਹਾਂ ਵਿਚ ਸਾਡੇ ਮੁਲਕ ਦਾ 101ਵਾਂ ਸਥਾਨ ਹੈ। ਇੰਨੀ ਵੱਡੀ ਦੁਨੀਆ ਚ ਸਿਰਫ਼ 15 ਮੁਲਕ ਹੀ ਅਜਿਹੇ ਹਨ ਜਿੱਥੇ ਸਾਡੇ ਨਾਲੋਂ ਵੀ ਜ਼ਿਆਦਾ ਭੁੱਖਮਰੀ ਹੈ। ਸਾਡੇ ਆਲੇ ਦੁਆਲੇ ਦੇ ਕਈ ਛੋਟੇ ਛੋਟੇ ਮੁਲਕਾਂ ਦਾ ਹਾਲ ਸਾਡੇ ਜਿੰਨਾ ਮਾੜਾ ਨਹੀਂ। ਜਦੋਂ ਪਿਛਲੇ ਵਰ੍ਹੇ ਅਸੀਂ ਇੱਥੇ ਆਏ ਸੀ, ਉਦੋਂ ਇਸ ਦਰਜਾਬੰਦੀ ਅੰਦਰ ਸਾਡਾ ਸਥਾਨ 94ਵਾਂ ਸੀ। ਇਕ ਵਰ੍ਹੇ ਵਿਚ ਮੁਲਕ ਅੰਦਰ ਭੁੱਖੇ ਢਿੱਡਾਂ ਦੀ ਗਿਣਤੀ ਹੋਰ ਵਧ ਗਈ ਹੈ। ਤੁਸੀਂ ਤਾਂ ਭਾਵੇਂ ਇਸ ਦਰਜਾਬੰਦੀ ਕਰਨ ਦੇ ਢੰਗਾਂ ਦੇ ਨੁਕਸ ਗਿਣਾ ਕੇ ਹੀ ਪੱਲਾ ਝਾੜ ਲਿਆ ਹੈ ਪਰ ਆਲੇ ਦੁਆਲੇ ਅੰਦਰ ਪਸਰੀ ਭੁੱਖ ਤੇ ਅਨਾਜ ਨੂੰ ਤਰਸਦੇ ਲੋਕ ਤਾਂ ਸਾਰੀ ਦੁਨੀਆ ਨੂੰ ਦਿਸਦੇ ਹਨ। ਇੱਕ ਦਿਨ ਲਈ ਆਏ ਕਿਸੇ ਰਾਸ਼ਟਰਪਤੀ ਨੂੰ ਤਾਂ ਤੁਸੀਂ ਮੌਕੇ ਤੇ ਕੰਧ ਕੱਢ ਕੇ ਗ਼ਰੀਬੀ ਦੀ ਹਕੀਕਤ ਛੁਪਾ ਸਕਦੇ ਹੋ ਪਰ ਦੁਨੀਆ ਦੇ ਲੋਕਾਂ ਤੋਂ ਭੁੱਖੇ ਭਾਰਤ ਵਾਸੀਆਂ ਦਾ ਦਰਦ ਨਹੀਂ ਛੁਪਾ ਸਕਦੇ।

ਸਾਨੂੰ ਅੰਨਦਾਤੇ ਕਿਹਾ ਜਾਂਦਾ ਹੈ। ਅਸੀਂ ਅਨਾਜ ਸਮੇਤ ਸਭ ਕੁਝ ਇਸ ਧਰਤੀ ਵਿਚੋਂ ਪੈਦਾ ਕਰਦੇ ਹਾਂ, ਹਰ ਔਖੀ ਸੌਖੀ ਰੁੱਤ ਦੇ ਬਾਵਜੂਦ ਕਰਦੇ ਹਾਂ। ਸੋਕਿਆਂ ਦੀ ਮਾਰ ਵਿਚ ਵੀ, ਹੜ੍ਹਾਂ ਦੇ ਕਹਿਰ ਵਿਚ ਵੀ। ਅਸੀਂ ਕਦੇ ਗੁਦਾਮ ਖਾਲੀ ਨਹੀਂ ਰਹਿਣ ਦਿੱਤੇ। ਕੋਈ ਸਮਾਂ ਸੀ ਜਦੋਂ ਤੁਹਾਨੂੰ ਅਨਾਜ ਲਈ ਅਮਰੀਕਾ ਵਰਗੇ ਮੁਲਕਾਂ ਅੱਗੇ ਹੱਥ ਅੱਡਣਾ ਪੈਂਦਾ ਸੀ ਪਰ ਅਸੀਂ ਪੂਰੇ ਮੁਲਕ ਦਾ ਢਿੱਡ ਭਰਨ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਓਟੀ ਤੇ ਨਿਭਾਈ। ਅਸੀਂ ਅਨਾਜ ਦੇ ਗੁਦਾਮ ਤੂੜ ਦਿੱਤੇ। ਜੋ ਬੀਜ ਤੁਸੀਂ ਕਹੇ, ਜੋ ਸਪਰੇਆਂ ਤੁਸੀਂ ਦੱਸੀਆਂ, ਅਸੀਂ ਉਹੀ ਵਰਤੀਆਂ। ਇਨ੍ਹਾਂ ਜ਼ਹਿਰਾਂ ਨੇ ਭਾਵੇਂ ਸਾਡੀ ਧਰਤੀ ਤੇ ਆਬੋ-ਹਵਾ ਨੂੰ ਗੰਧਲਾ ਕਰ ਦਿੱਤਾ, ਸਾਡੇ ਪੱਲੇ ਖ਼ੁਦਕੁਸ਼ੀਆਂ ਹੀ ਪਈਆਂ ਪਰ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਨਹੀਂ ਹੋਏ। ਸਾਡੇ ਜ਼ਿੰਮੇ ਅਨਾਜ ਪੈਦਾ ਕਰਨਾ ਸੀ, ਅਸੀਂ ਕੀਤਾ। ਤੁਹਾਡੇ ਜ਼ਿੰਮੇ ਇਹਨੂੰ ਮੰਡੀਆਂ ਵਿਚ ਰੁਲਣੋਂ ਬਚਾਉਣਾ ਸੀ, ਮੁਲਕ ਦੇ ਹਰ ਬਸ਼ਿੰਦੇ ਤੱਕ ਪਹੁੰਚਾਉਣਾ ਸੀ ਪਰ ਤੁਸੀਂ ਇਹ ਜ਼ਿੰਮੇਵਾਰੀ ਨਹੀਂ ਨਿਭਾਈ; ਨਾ ਤੁਹਾਥੋਂ ਪਹਿਲਿਆਂ ਨੇ ਨਿਭਾਈ। ਸਾਡਾ ਉਗਾਇਆ ਅਨਾਜ ਮੰਡੀਆਂ ਵਿਚ ਰੁਲਦਾ ਰਿਹਾ ਜਾਂ ਗੁਦਾਮਾਂ ਵਿਚ ਸੜਦਾ ਰਿਹਾ, ਤੁਸੀਂ ਉਹਨੂੰ ਲੋੜਵੰਦਾਂ ਤਕ ਵੰਡ ਵੀ ਨਾ ਸਕੇ ! ਸਾਡੇ ਹੁੰਦਿਆਂ, ਤੁਹਾਡੇ ਹੁੰਦਿਆਂ ਮੁਲਕ ਦੇ ਕਿਰਤੀਆਂ ਦੇ ਢਿੱਡ ਖਾਲੀ ਰਹੇ। ਅਸੀਂ ਤੇ ਤੁਸੀਂ ਹੁਣ ਤਕ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਪੈਂਦੇ ਕਾਲ ਦੀਆਂ ਗੱਲਾਂ ਕਰਦੇ ਰਹੇ ਹਾਂ, ਮੁਲਕ ਅੰਦਰ ਹੁਣ ਵੀ ਭੁੱਖ ਨਾਲ ਹੁੰਦੀਆਂ ਮੌਤਾਂ ਤੇ ਕੁਪੋਸ਼ਣ ਦੇ ਹਾਲਾਤ ਕੀ ਕਿਸੇ ਕਾਲ ਨਾਲੋਂ ਘੱਟ ਹਨ ? ਸਾਡੇ ਪੈਦਾ ਕੀਤੇ ਅਨਾਜ ਨੂੰ ਕਿਰਤੀਆਂ ਤੱਕ ਪਹੁੰਚਾਉਣ ਲਈ ਜਨਤਕ ਵੰਡ ਪ੍ਰਣਾਲੀ ਦਾ ਜੋ ਢਾਂਚਾ ਸੀ, ਤੁਸੀਂ ਉਸ ਨੂੰ ਖੋਰਨ ਤੇ ਕਿਉਂ ਲੱਗੇ ਰਹੇ ? ਕਦੇ ਉਹਦੇ ਰਾਹੀਂ ਮਨੁੱਖੀ ਲੋੜ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਵਸਤਾਂ ਵੀ ਲੋਕਾਂ ਨੂੰ ਸਸਤੇ ਭਾਅ ਦਿੱਤੀਆਂ ਜਾਂਦੀਆਂ ਸੀ ਪਰ ਪਹਿਲਾਂ ਉਨ੍ਹਾਂ ਸਭਨਾਂ ਨੂੰ ਸਿਰਫ਼ ਅਨਾਜ ਤੇ ਦਾਲ ਤਕ ਸੀਮਤ ਕੀਤਾ। ਫਿਰ ਜਨਤਕ ਵੰਡ ਪ੍ਰਣਾਲੀ ਦੀਆਂ ਸੂਚੀਆਂ ਵਿਚੋਂ ਲੋਕਾਂ ਨੂੰ ਛਾਂਗਣਾ ਸ਼ੁਰੂ ਕੀਤਾ। ਕੁੱਲ ਵਸਤਾਂ ਸਿਰਜਣ ਵਾਲੇ ਕਿਰਤੀਆਂ ਦਾ ਬਹੁਤ ਵੱਡਾ ਹਿੱਸਾ ਇਸ ਵਿਚੋਂ ਬਾਹਰ ਕਰ ਦਿੱਤਾ। ਗੁਦਾਮਾਂ ਵਿਚ ਚੂਹੇ ਅਨਾਜ ਖਾਂਦੇ ਰਹੇ ਤੇ ਕਿਰਤੀਆਂ ਦੇ ਬੱਚੇ ਕੁਪੋਸ਼ਣ ਦੇ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਪੈਂਦੇ ਰਹੇ। ਤੁਹਾਡੀ ਬੇਅੰਤ ਤਾਕਤ ਕਿਸੇ ਅਰਥ ਕਿਉਂ ਨਾ ਆਈ ? ਪਿਛਲੇ ਸਾਲਾਂ ਦੌਰਾਨ ਤੁਸੀਂ ਦੂਜੇ ਮੁਲਕਾਂ ਤੋਂ ਕਿੰਨੇ ਹੀ ਟੈਂਕ ਖਰੀਦੇ, ਤੋਪਾਂ ਤੋਂ ਲੈ ਕੇ ਜੰਗੀ ਜਹਾਜ਼ ਖਰੀਦੇ, ਗੁਆਂਢੀਆਂ ਤੇ ਸਰਜੀਕਲ ਸਟ੍ਰਾਈਕਾਂ ਵੀ ਕੀਤੀਆਂ ਪਰ ਤੁਹਾਡੇ ਕੋਲੋਂ ਮੰਡੀਆਂ ਅੰਦਰ ਰੁਲਦਾ ਅਨਾਜ ਨਾ ਸਾਂਭਿਆ ਗਿਆ, ਨਾ ਨਵੇਂ ਗੁਦਾਮ ਬਣੇ। ਗੁਦਾਮਾਂ ਚ ਪਿਆ ਅਨਾਜ ਕਿਰਤੀਆਂ ਦੇ ਮੂੰਹਾਂ ਤੱਕ ਨਾ ਪੁੱਜਾ।

ਅਸੀਂ ਤੁਹਾਡੀ ਸੱਤਾ ਦੇ ਗਲਿਆਰਿਆਂ ਦੇ ਕੋਲ ਬੈਠੇ ਸਾਲ ਭਰ ਤੋਂ ਜੋ ਕਹਿ ਰਹੇ ਹਾਂ, ਹੁਣ ਇਸ ਰਿਪੋਰਟ ਨੇ ਵੀ ਉਸੇ ਦੀ ਪੁਸ਼ਟੀ ਕਰ ਦਿੱਤੀ ਹੈ। ਅਸੀਂ ਕਾਨੂੰਨ ਰੱਦ ਕਰਨ ਲਈ ਕਹਿੰਦੇ ਹਾਂ, ਅਸੀਂ ਐੱਮਐੱਸਪੀ ਤੇ ਸਰਕਾਰੀ ਖ਼ਰੀਦ ਮੰਗਦੇ ਹਾਂ, ਅਸੀਂ ਹਰ ਕਿਰਤੀ ਲਈ ਅਨਾਜ ਅਤੇ ਹੋਰ ਖਾਧ ਪਦਾਰਥਾਂ (ਪੀਡੀਐੱਸ) ਦਾ ਹੱਕ ਮੰਗਦੇ ਹਾਂ। ਤੁਹਾਡੇ ਬਣਾਏ ਨਵੇਂ ਕਾਨੂੰਨ ਅਨਾਜ ਨੂੰ ਵੱਡੇ ਧਨਾਢਾਂ ਦੇ ਵਪਾਰ ਦੇ ਵੱਸ ਪਾਉਣ ਵਾਲੇ ਹਨ। ਜੇ ਸਾਡਾ ਪੈਦਾ ਕੀਤਾ ਅਨਾਜ ਤੁਸੀਂ ਗ਼ਰੀਬਾਂ ਤੱਕ ਨਹੀਂ ਪਹੁੰਚਾ ਸਕੇ ਤਾਂ ਭਲਾ ਕਿਸੇ ਧਨਾਢ ਘਰਾਣੇ ਨੂੰ ਕੀ ਜ਼ਰੂਰਤ ਹੈ ਕਿ ਉਹ ਅਨਾਜ ਲੋੜਵੰਦਾਂ ਤੱਕ ਪਹੁੰਚ ਜਾਵੇਗਾ। ਕੋਈ ਬਹੁਕੌਮੀ ਵਿਦੇਸ਼ੀ ਕੰਪਨੀ ਸਾਡਾ ਪੈਦਾ ਕੀਤਾ ਅਨਾਜ ਜਹਾਜ਼ਾਂ ਵਿਚ ਲੱਦ ਕੇ ਵਿਦੇਸ਼ਾਂ ਨੂੰ ਲਿਜਾਵੇਗੀ ਤੇ ਕਿਰਤੀਆਂ ਦੇ ਮਾਸੂਮ ਬਾਲ ਦਾਣੇ ਦਾਣੇ ਦੇ ਹੋਰ ਮੁਥਾਜ ਹੋਣਗੇ। ਉਹ ਸਾਡੇ ਨਾਲ ਬੇ-ਮੇਚ ਸਮਝੌਤੇ (ਕੰਟਰੈਕਟ) ਕਰ ਕੇ ਸਾਨੂੰ ਉਹ ਫਸਲਾਂ ਬੀਜਣ ਲਈ ਮਜਬੂਰ ਕਰਨਗੇ ਜਿਹੜੀਆਂ ਦੀ ਉਨ੍ਹਾਂ ਨੂੰ ਹੋਰਨਾਂ ਮੁਲਕਾਂ ਅੰਦਰ ਲੋੜ ਹੈ। ਸਾਡੇ ਖੇਤਾਂ ਵਿਚੋਂ ਉਨ੍ਹਾਂ ਦੇ ਵਪਾਰ ਨੂੰ ਜ਼ਰਬਾਂ ਦੇਣ ਵਾਲੀਆਂ ਫ਼ਸਲਾਂ ਉੱਗਣਗੀਆਂ।

ਇੱਥੇ ਬੈਠੇ ਅਸੀਂ ਅਕਸਰ ਤੁਹਾਡੇ ਵੱਲੋਂ ਬਣਨ ਜਾ ਰਹੀ ਵਿਸ਼ਵ ਤਾਕਤ ਦੇ ਕੀਤੇ ਜਾਂਦੇ ਦਾਅਵੇ ਸੁਣਦੇ ਹਾਂ। ਕੀ ਭੁੱਖੇ ਢਿੱਡਾਂ ਨਾਲ ਵੀ ਵਿਸ਼ਵ ਤਾਕਤ ਬਣ ਸਕਦੀ ਹੈ ? ਕੀ ਵਿਸ਼ਵ ਤਾਕਤ ਬਣਨ ਦਾ ਰਸਤਾ ਇਹ ਹੈ ਕਿ ਨਾ ਆਪਣੇ ਕਿਸਾਨਾਂ ਦੀਆਂ ਫਸਲਾਂ ਖਰੀਦੋ ਤੇ ਨਾ ਲੋਕਾਂ ਨੂੰ ਅਨਾਜ ਦਿਉ: ਇਨ੍ਹਾਂ ਝਮੇਲਿਆਂ ਚ ਹੀ ਨਾ ਪਉ ! ਅਸੀਂ ਅਜਿਹੀ ਵਿਸ਼ਵ ਤਾਕਤ ਬਣਨ ਤੋਂ ਇਨਕਾਰੀ ਹਾਂ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

Thinking of Buying/Selling ?

WIN ZONE REALTY INC.

WIN ZONE Realty Inc.



Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com


Insurance
Light
Solid like a Rock
Are you paying too much for Auto, Home, Business, Workman Compensation, Contractors, General Liability, E&O ?
Call us today for complimentary analysis of your policy.
Tel: 516-654-4488
Sharanjit Singh Thind
Licensed P&C Insurance Broker/ Notary Public
(Service with Honesty & Smile, Since 2012)
insure@nlightfin.com www.nlightfin.com

# 11 ਸਾਲਾ ਹਿੰਦੂ ਲੜਕੇ ਦਾ ਜਿਣਸੀ ਸ਼ੋਸ਼ਣ ਕਰਨ ਉਪਰੰਤ ਕਤਲ




ਇਸਲਾਮਾਬਾਦ - ਪਾਕਿਸਤਾਨ 'ਚ ਘੱਟ-ਗਿਣਤੀ ਮਹਿਲਾਵਾਂ ਅਤੇ ਬੱਚੇ ਸੁਰੱਖਿਅਤ ਨਹੀਂ। ਇਕ ਤਾਜ਼ਾ ਮਾਮਲੇ 'ਚ ਪਾਕਿਸਤਾਨ ਦੇ ਸਿੰਧ ਸੂਬੇ 'ਚ ਇੱਕ 11 ਸਾਲਾ ਹਿੰਦੂ ਲੜਕੇ ਦਾ ਜਿਣਸੀ ਸ਼ੋਸ਼ਣ ਕਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਲੜਕੇ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਅਚਾਨਕ ਲਾਪਤਾ ਹੋ ਗਿਆ ਸੀ। ਉਸ ਦੀ ਲਾਸ਼ ਸਿੰਧ ਸੂਬੇ ਦੇ ਖੈਰਪੁਰ ਮੀਰ ਇਲਾਕੇ ਦੇ ਬਾਬਰਲੋਈ ਕਸਬੇ 'ਚ ਇੱਕ ਸੁੰਨਸਾਨ ਘਰ 'ਚੋਂ ਮਿਲੀ। ਪੁਲੀਸ ਨੇ ਇਸ ਮਾਮਲੇ 'ਚ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਦਾ ਐਕਸਪ੍ਰੈੱਸ ਟ੍ਰਿਬਿਊਨ ਨੇ ਲੜਕੇ ਦੇ ਰਿਸ਼ਤੇਦਾਰ ਰਾਜ ਕੁਮਾਰ ਦੇ ਹਵਾਲੇ ਨਾਲ ਦੱਸਿਆ ਕਿ ਪੂਰਾ ਪਰਿਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਪ੍ਰੋਗਰਾਮਾਂ 'ਚ ਰੁੱਝਿਆ ਹੋਇਆ ਸੀ। ਉਨ੍ਹਾਂ ਨੂੰ ਪਤਾ ਨਹੀਂ ਲੱਗਾ ਕਿ ਬੱਚਾ ਕਿਵੇਂ ਲਾਪਤਾ ਹੋ ਗਿਆ। ਰਾਤ 11 ਵਜੇ ਉਹ ਘਰ 'ਚ ਮ੍ਰਿਤਕ ਪਾਇਆ ਗਿਆ। ਬਾਬਰਲੋਈ ਥਾਣੇ ਦੇ ~Lk ਨੇ ਦੱਸਿਆ ਕਿ ਅਪਰਾਧੀਆਂ ਨੇ ਲੜਕੇ ਦਾ ਜਿਣਸੀ ਸ਼ੋਸ਼ਣ ਕਰਨ ਤੋਂ ਬਾਅਦ ਗਲਾ ਦਬਾ ਕੇ ਕਤਲ ਕਰ ਦਿੱਤਾ। ~Lk ਨੇ ਦੱਸਿਆ ਕਿ ਅਸੀਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ 'ਚੋਂ ਇੱਕ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ।

ਬਾਲ ਸੁਰੱਖਿਆ ਅਥੌਰਿਟੀ ਸੁੱਕੁਰ ਦੇ ਜ਼ੁਬੈਰ ਮਹਿਰ ਨੇ ਦੱਸਿਆ ਕਿ ਨਾਬਾਲਗ ਦੇ ਸ਼ਰੀਰ 'ਤੇ ਤਸ਼ੱਦਦ ਦੇ ਨਿਸ਼ਾਨ ਵੀ ਸਨ। ਉਨ੍ਹਾਂ ਨੇ ਕਿਹਾ ਕਿ ਪਿਛਲੇ ਕੁੱਝ ਹਫ਼ਤਿਆਂ 'ਚ ਸੂਬੇ 'ਚ ਇਸ ਤਰ੍ਹਾਂ ਦੀ ਇਹ ਦੂਜੀ ਘਟਨਾ ਹੈ। ਮਹਿਰ ਨੇ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਸੁੱਕੁਰ ਜ਼ਿਲ੍ਹੇ ਦੇ ਸਾਲੇਹ ਪਟ ਤੋਂ ਹਿੰਦੂ ਭਾਈਚਾਰੇ ਦੀ ਇੱਕ ਨਾਬਾਲਗ ਕੁੜੀ ਲਾਪਤਾ ਹੋ ਗਈ ਸੀ। ਪੁਲੀਸ ਨੇ ਉਸ ਦੀ ਬਰਾਮਦਗੀ ਲਈ 25 ਲੱਖ ਰੁਪਏ ਦੇ ਇਨਾਮ ਦਾ ਐਲਾਨ ਵੀ ਕੀਤਾ ਪਰ ਸਭ ਵਿਅਰਥ ਗਿਆ। ਹਿੰਦੂ ਲੜਕੀਆਂ ਵੀ ਹਨ ਅਸੁਰੱਖਿਅਤ - ਮਨੁੱਖੀ ਅਧਿਕਾਰ ਸੰਸਥਾ ਮੂਵਮੈਂਟ ਫ਼ੌਰ ਸੌਲਿਡੈਰਿਟੀ ਐਂਡ ਪੀਸ (d~w) ਮੁਤਾਬਿਕ, ਪਾਕਿਸਤਾਨ 'ਚ ਹਰ ਸਾਲ 1000 ਤੋਂ ਵੱਧ ਈਸਾਈ ਅਤੇ ਹਿੰਦੂ ਔਰਤਾਂ ਜਾਂ ਲੜਕੀਆਂ ਨੂੰ ਅਗਵਾ ਕੀਤਾ ਜਾਂਦਾ ਹੈ ਜਿਸ ਤੋਂ ਬਾਅਦ ਉਨ੍ਹਾਂ ਦਾ ਧਰਮ ਪਰਿਵਰਤਨ ਕਰਵਾਇਆ ਜਾਂਦਾ ਹੈ ਅਤੇ ਇਸਲਾਮੀ ਰੀਤੀ-ਰਿਵਾਜਾਂ ਅਨੁਸਾਰ ਵਿਆਹ ਕੀਤਾ ਜਾਂਦਾ ਹੈ। ਪੀੜਤਾਂ 'ਚ ਜ਼ਿਆਦਾਤਰ ਦੀ ਉਮਰ ਆਮਤੌਰ 'ਤੇ 12 ਤੋਂ 25 ਸਾਲ ਦੇ ਵਿਚਕਾਰ ਹੁੰਦੀ ਹੈ। ਮਨੁੱਖੀ ਅਧਿਕਾਰ ਸੰਸਥਾ ਨੇ ਇਹ ਵੀ ਕਿਹਾ ਕਿ ਅੰਕੜੇ ਇਸ ਨਾਲੋਂ ਜ਼ਿਆਦਾ ਵੱਧ ਵੀ ਹੋ ਸਕਦੇ ਹਨ ਕਿਉਂਕਿ ਪੁਲੀਸ ਵਲੋਂ ਬਹੁਤੇ ਕੇਸ ਦਰਜ ਨਹੀਂ ਕੀਤੇ ਜਾਂਦੇ। ਅਗਵਾ ਹੋਈਆਂ ਜ਼ਿਆਦਾਤਰ ਲੜਕੀਆਂ ਗ਼ਰੀਬਾਂ ਵਰਗ ਨਾਲ ਸਬੰਧਤ ਹਨ ਜਿਨ੍ਹਾਂ ਦੀ ਕੋਈ ਖ਼ਬਰ ਲੈਣ ਵਾਲਾ ਨਹੀਂ ਹੁੰਦਾ, ਅਤੇ ਇਸੇ ਕਾਰਨ ਪ੍ਰਸ਼ਾਸ਼ਨਿਕ ਪੱਧਰ 'ਤੇ ਵੀ ਅਣਗਹਿਲੀ ਦਿਖਾਈ ਜਾ ਰਹੀ ਹੈ।

# ਦਾੜ੍ਹੀ ਨਾਲ ਚੁੱਕੀ 64 ਕਿੱਲੋ ਦੀ ਮਹਿਲਾ

ਇਸਤੈਨਬੁਲ - ਦੁਨੀਆਂ 'ਚ ਰੋਜ਼ਾਨਾ ਕੋਈ ਨਾ ਕੋਈ ਰਿਕਾਰਡ ਬਣਦਾ ਰਹਿੰਦਾ ਹੈ। ਵਰਲਡ ਰਿਕਾਰਡ ਬਣਾਉਣ ਖਾਤਰ ਲੋਕ ਕੁੱਝ ਵੀ ਕਰ ਗੁਜਰਦੇ ਹਨ। ਇਸੇ ਤਰ੍ਹਾਂ ਦਾ ਇੱਕ ਮਾਮਲਾ ਇਸਤੈਨਬੁਲ ਦਾ ਸਾਹਮਣੇ ਆਇਆ ਹੈ। ਇੱਥੇ ਇੱਕ ਸ਼ਖ਼ਸ ਨੇ ਆਪਣੀ ਦਾੜ੍ਹੀ ਨਾਲ ਇੱਕ ਔਰਤ ਨੂੰ ਚੁੱਕ ਕੇ ਵਿਸ਼ਵ ਰਿਕਾਰਡ ਸਥਾਪਿਤ ਕੀਤਾ ਹੈ। ਇਸ ਲਈ ਐਂਟਾਨਾਸ ਕੋਂਟ੍ਰੀਮਾਸ ਨਾਮ ਦੇ ਵਿਅਕਤੀ ਦੀ ਦਾੜ੍ਹੀ ਕੰਮ ਆਈ। ਐਂਟਾਨਾਸ ਨੇ ਆਪਣੀ ਦਾੜ੍ਹੀ ਨਾਲ ਸਭ ਤੋਂ ਭਾਰੀ ਸਾਮਾਨ ਚੁੱਕਣ ਦਾ ਵਰਲਡ ਰਿਕਾਰਡ ਬਣਾਇਆ। ਇਸ ਲਈ ਉਸ ਨੇ ਜਿਹੜੀ ਮਹਿਲਾ ਨੂੰ ਚੁੱਕਿਆ, ਉਸ ਦਾ ਵਜ਼ਨ 63.80 ਕਿਲੋਗ੍ਰਾਮ ਸੀ। ਗਿਨੀਜ਼ ਵਰਲਡ ਰਿਕਾਰਡ ਨੇ ਉਸ ਦਾ ਇੱਕ ਵੀਡੀਓ ਇਨਸਟਾਗ੍ਰੈਮ 'ਤੇ ਸ਼ੇਅਰ ਵੀ ਕੀਤਾ। ਇਸ ਵੀਡੀਓ ਨੂੰ ਦੇਖ ਕੇ ਲੋਕ ਹੈਰਾਨ ਰਹਿ ਗਏ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਇੱਕ ਮਹਿਲਾ ਇੱਕ ਹਾਰਨੈੱਸ ਦੀ ਮਦਦ ਨਾਲ ਐਂਟਾਨਾਸ ਦੀ ਦਾੜ੍ਹੀ ਨਾਲ ਬੰਨ੍ਹੀ ਹੋਈ ਹੈ। ਸ਼ੁਰੂਆਤ 'ਚ ਇਹ ਕੰਮ ਦੇਖਣ 'ਚ ਬਹੁਤ ਮੁਸ਼ਕਿਲ ਲੱਗਦਾ ਹੈ, ਪਰ ਐਂਟਾਨਾਸ ਆਸਾਨੀ ਨਾਲ ਇਸ 'ਚ ਸਫ਼ਲ ਹੋ ਜਾਂਦੈ।



ਇਨਸਟਾਗ੍ਰੈਮ 'ਤੇ ਸ਼ੇਅਰ ਕੀਤੇ ਜਾਣ ਦੇ ਬਾਅਦ ਹੁਣ ਤਕ ਇਸ ਵੀਡੀਓ ਨੂੰ 10 ਲੱਖ ਤੋਂ ਵੱਧ ਲੋਕ ਦੇਖ ਚੁੱਕੇ ਹਨ ਅਤੇ 92 ਹਜ਼ਾਰ ਤੋਂ ਵੱਧ ਲੋਕਾਂ ਨੇ ਲਾਈਕ ਕੀਤਾ ਹੈ। ਸ਼ੋਸ਼ਲ ਮੀਡੀਆ ਯੂਜ਼ਰਜ਼ ਉਸ ਦੀ ਦਾੜ੍ਹੀ ਦੀ ਮਜ਼ਬੂਤੀ ਨੂੰ ਦੇਖ ਕੇ ਹੈਰਾਨ ਹੋ ਰਹੇ ਹਨ। ਲੋਕਾਂ ਨੇ ਐਂਟਾਨਾਸ ਤੋਂ ਪੁੱਛਿਆ ਕਿ ਉਹ ਕਿਹੜਾ ਤੇਲ ਵਰਤਦਾ ਹੈ। ਇਹ ਕਾਰਨਾਮਾ ਅਸਲ 'ਚ ਹੈਰਾਨ ਕਰ ਦੇਣ ਵਾਲਾ ਹੈ। ਐਂਟਾਨਾਸ ਨੇ ਇਹ ਕਾਰਨਾਮਾ 26 ਜੂਨ, 2013 'ਚ ਤੁਰਕੀ 'ਚ ਕੀਤਾ ਸੀ। ਓਦੋਂ ਤੋਂ ਲੈ ਕੇ 8 ਸਾਲ ਬਾਅਦ ਵੀ ਇਹ ਰਿਕਾਰਡ ਉਸ ਦੇ ਨਾਮ ਹੈ।

# ਸਵੱਛਤਾ ਸਰਵੇਖਣ 'ਚ ਪੱਛੜੀ ਦਿੱਲੀ

ਨਵੀਂ ਦਿੱਲੀ - ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਸੌਰਭ ਭਾਰਦਵਾਜ ਨੇ ਕਿਹਾ ਕਿ ਭਾਜਪਾ ਸ਼ਾਸ਼ਤ ਦਿੱਲੀ ਦੀਆਂ ਤਿੰਨ ਨਗਰ ਨਿਗਮਾਂ ਕੇਂਦਰ ਸਰਕਾਰ ਦੀ ਸਫ਼ਾਈ ਦਰਜਾਬੰਦੀ 'ਚ ਪਛੜ ਗਈਆਂ ਹਨ। ਉਹ ਸਿਖਰਲੇ 20 'ਚ ਵੀ ਥਾਂ ਨਹੀਂ ਬਣਾ ਸਕੀਆਂ। ਦੇਸ਼ ਦੀਆਂ 48 ਨਗਰ ਨਿਗਮਾਂ 'ਚੋਂ ਉੱਤਰੀ ਦਿੱਲੀ ਨਗਰ ਨਿਗਮ ਨੂੰ 45ਵਾਂ, ਪੂਰਬੀ ਦਿੱਲੀ ਨਗਰ ਨਿਗਮ ਨੂੰ 40ਵਾਂ ਤੇ ਦੱਖਣੀ ਦਿੱਲੀ ਨਗਰ ਨਿਗਮ ਨੂੰ 31ਵਾਂ ਸਥਾਨ ਦਿੱਤਾ ਗਿਆ ਹੈ। ਭਾਜਪਾ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਆਦੇਸ਼ ਗੁਪਤਾ ਨੂੰ ਦੱਸਣਾ ਚਾਹੀਦਾ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਦਿੱਲੀ ਨੂੰ ਬਦਨਾਮ ਕਰਨ ਦਾ ਠੇਕਾ ਕਿਉਂ ਲਿਆ। ਜੇਕਰ ਉਹ ਉਨ੍ਹਾਂ ਨੂੰ ਸੰਭਾਲ ਨਹੀਂ ਰਿਹਾ ਹੈ ਤਾਂ ਉਸ ਨੂੰ d28 ਛੱਡ ਦੇਣੀ ਚਾਹੀਦੀ ਹੈ। ਸੌਰਭ ਭਾਰਦਵਾਜ ਨੇ ਇੱਕ ਪ੍ਰੈੱਸ ਕਾਨਫ਼ਰੰਸ 'ਚ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੂਰੇ ਭਾਰਤ ਨੂੰ ਸਵੱਛ ਭਾਰਤ ਦਾ ਨਾਅਰਾ ਦਿੱਤਾ ਹੈ। ਪੂਰੇ ਭਾਰਤ 'ਚ ਸਵੱਛਤਾ ਅੰਦੋਲਨ ਚਲਾਇਆ। ਵੱਡੇ-ਵੱਡੇ 1Zw ਲੀਡਰਾਂ, ਮੰਤਰੀਆਂ ਨੇ ਖ਼ੁਦ ਝਾੜੂ ਮਾਰ ਕੇ ਇਸ 'ਤੇ ਕੂੜਾ ਸੁੱਟ ਕੇ ਵੀਡੀਓ ਬਣਾਏ।




ਪਿਛਲੇ ਕਈ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸਵੱਛ ਭਾਰਤ ਅਭਿਆਨ ਤਹਿਤ ਸਵੱਛਤਾ ਸਰਵੇਖਣ ਕਰਵਾਉਂਦੀ ਹੈ। ਇਹ ਇੱਕ ਤਰ੍ਹਾਂ ਦਾ ਸਰਵੇਖਣ ਹੈ ਜੋ ਕੇਂਦਰ ਸਰਕਾਰ ਦੁਆਰਾ ਕਰਵਾਇਆ ਜਾਂਦਾ ਹੈ ਜਿਸ 'ਚ ਉਹ ਦੇਖਦੀ ਹੈ ਕਿ ਸੂਬੇ ਦੇ ਕਿਹੜੇ ਸ਼ਹਿਰ 'ਚ ਸਫ਼ਾਈ ਦਾ ਪਾਲਣ ਕੀਤਾ ਜਾ ਰਿਹਾ ਹੈ। ਇਸ ਦੇ ਕਈ ਮਾਪਦੰਡ ਹਨ ਜਿਵੇਂ ਕਿ ਪਖਾਨੇ ਦੀ ਸਫ਼ਾਈ, ਖੁੱਲ੍ਹੇ 'ਚ ਪੇਸ਼ਾਬ, ਕੂੜੇ ਦਾ ਨਿਪਟਾਰਾ, ਕੂੜੇ ਨੂੰ ਵੱਖ ਕਰਨਾ, ਨਿਯਮਤ ਸਫ਼ਾਈ ਆਦਿ। ਪੂਰੇ ਦੇਸ਼ ਦੇ ਉਸ ਸਰਵੇਖਣ 'ਚ ਸਿਰਫ਼ 48 ਸਹਿਰ ਹਨ ਜੋ ਕਿ 10 ਲੱਖ ਦੀ ਆਬਾਦੀ ਵਾਲੇ ਸਹਿਰ ਹਨ। ਪੂਰਬੀ ਦਿੱਲੀ ਨਗਰ ਨਿਗਮ, ਦੱਖਣੀ ਦਿੱਲੀ ਨਗਰ ਨਿਗਮ ਅਤੇ ਉੱਤਰੀ ਦਿੱਲੀ ਨਗਰ ਨਿਗਮ ਹਨ ਜੋ ਕੇਂਦਰ ਦੀ ਭਾਜਪਾ ਦੇ ਅਧੀਨ ਆਉਂਦੇ ਹਨ, ਉਨ੍ਹਾਂ ਦੀ ਦਰਜਾਬੰਦੀ ਅਤੇ ਰੈਂਕਿੰਗ ਕੇਂਦਰ ਸਰਕਾਰ ਨੇ ਖ਼ੁਦ ਕੱਢ ਦਿੱਤੀ ਹੈ।

# ਟਿਕੈਤ ਅਤੇ ਚੜੂਨੀ ਵਿਚਾਲੇ ਹੋਈ ਲੜਾਈ

ਨਵੀਂ ਦਿੱਲੀ - ਦਿੱਲੀ-#e2z# ਦੇ ਬਾਰਡਰ 'ਤੇ ਪਿਛਲੇ ਤਕਰੀਬਨ ਇੱਕ ਸਾਲ ਤੋਂ ਧਰਨਾ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ ਭਾਵੇਂ ਹੀ ਤਿੰਨਾਂ ਕੇਂਦਰੀ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਲਈ ਜਿੱਤ ਹਾਸਿਲ ਕਰ ਲਈ ਹੋਵੇ ਪਰ ਸੰਯੁਕਤ ਕਿਸਾਨ ਮੋਰਚੇ 'ਚ ਸਭ ਕੁੱਝ ਠੀਕ ਨਹੀਂ ਚੱਲ ਰਿਹਾ।

ਇਸ ਦਾ ਨਜ਼ਾਰਾ ਵੀ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਦੀ ਬੈਠਕ ਦੌਰਾਨ ਦੇਖਣ ਨੂੰ ਮਿਲਿਆ ਜਿੱਥੇ ਇੱਕ ਪਾਸੇ ਰਾਕੇਸ਼ ਟਿਕੈਤ ਬੈਠਕ 'ਚ ਸ਼ਾਮਿਲ ਹੋਣ ਲਈ ਪਹੁੰਚੇ ਹੀ ਨਹੀਂ ਤਾਂ ਹਰਿਆਣਾ ਦੇ ਦਿੱਗਜ ਕਿਸਾਨ ਆਗੂਆਂ 'ਚ ਸ਼ੁਮਾਰ ਗੁਰਨਾਮ ਸਿੰਘ ਚੜੂਨੀ ਮੀਟਿੰਗ ਵਿਚਾਲੇ ਹੀ ਬੈਠਕ ਤੋਂ ਬਾਹਰ ਆ ਗਏ। ਅਜਿਹੇ 'ਚ ਇਹ ਇੱਕ ਵੱਡੀ ਫ਼ੁੱਟ ਮੰਨੀ ਜਾ ਰਹੀ ਹੈ।

ਕਿਹਾ ਤਾਂ ਇੱਥੇ ਤਕ ਜਾ ਰਿਹਾ ਹੈ ਕਿ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ



ਬੁਲਾਰੇ ਰਾਕੇਸ਼ ਟਿਕੈਤ ਨੇ ਸੰਯੁਕਤ ਕਿਸਾਨ ਮੋਰਚੇ ਦੀ ਬੈਠਕ ਤੋਂ ਦੂਰੀ ਬਣਾ ਲਈ ਹੈ। ਹੋਈ ਬੈਠਕ 'ਚ ਟਿਕੈਤ ਨਹੀਂ ਆਏ ਪਰ ਐਤਵਾਰ ਨੂੰ ਗਾਜ਼ੀਪੁਰ ਤੋਂ ਜਾਣਕਾਰੀ ਆ ਰਹੀ ਸੀ ਕਿ ਉਹ ਕੁੰਡਲੀ ਬਾਰਡਰ 'ਤੇ ਬੈਠਕ 'ਚ ਸ਼ਾਮਿਲ ਹੋਣਗੇ ਪਰ ਉਹ ਨਹੀਂ ਪਹੁੰਚੇ। ਹਾਲਾਂਕਿ ਇਹ ਮਾਮਲਾ ਮੀਡੀਆ 'ਚ ਲੀਕ ਹੋਣ ਤੋਂ ਬਾਅਦ ਉਨ੍ਹਾਂ ਦੀ ਤਰਫ਼ੋਂ ਇੱਕ ਸੰਦੇਸ਼ ਜਾਰੀ ਕੀਤਾ ਗਿਆ ਕਿ ਕਿਸਾਨ ਲਖਨਊ 'ਚ ਹੋਣ ਵਾਲੀ ਮਹਾਂਪੰਚਾਇਤ ਲਈ ਉਥੇ ਗਏ ਹਨ। ਹਾਲਾਂਕਿ ਕਿਆਸ ਲਗਾਏ ਜਾ ਰਹੇ ਸਨ ਕਿ ਰਾਕੇਸ਼ ਟਿਕੈਤ ਮੀਟਿੰਗ 'ਚ ਸ਼ਾਮਿਲ ਨਹੀਂ ਹੋਣਗੇ ਕਿਉਂਕਿ ਪਿਛਲੀ ਮੀਟਿੰਗ ਦੌਰਾਨ ਗੁਰਨਾਮ ਸਿੰਘ ਚੜੂਨੀ ਅਤੇ ਰਾਕੇਸ਼ ਟਿਕੈਤ ਧੜਿਆਂ ਦਰਮਿਆਨ ਤਕਰਾਰ ਹੋ ਗਈ ਸੀ। ਦੂਜੇ ਪਾਸੇ ਮੀਟਿੰਗ 'ਚ ਸ਼ਾਮਿਲ ਹੋਣ ਆਏ ਗੁਰਨਾਮ ਸਿੰਘ ਚੜੂਨੀ ਵੀ ਅੱਧ-ਵਿਚਾਲੇ ਹੀ ਬਾਹਰ ਆ ਗਏ। ਕਿਹਾ ਜਾ ਰਿਹਾ ਸੀ ਕਿ ਚੜੂਨੀ ਨੇ ਕਿਸੇ ਹੋਰ ਪ੍ਰੋਗਰਾਮ 'ਚ ਜਾਣਾ ਸੀ।

ਸੰਯੁਕਤ ਕਿਸਾਨ ਮੋਰਚਾ ਦੀ ਕੁੰਡਲੀ ਸਰਹੱਦ 'ਤੇ ਹੋਈ ਮੀਟਿੰਗ 'ਚ ਪਹਿਲਾਂ ਤੈਅ ਕੀਤੇ ਗਏ ਸਾਰੇ ਪ੍ਰੋਗਰਾਮਾਂ ਨੂੰ 27 ਨਵੰਬਰ ਤਕ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ। ਜਤਿੰਦਰ ਸਿੰਘ ਵਿਰਕ ਅਤੇ ਬਲਬੀਰ ਸਿੰਘ ਰਾਜੇਵਾਲ ਨੇ ਸਾਂਝੇ ਤੌਰ 'ਤੇ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਤੋਂ ਬਾਅਦ ਰਾਜੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਫ਼ਿਲਹਾਲ ਇਹ ਅੰਦੋਲਨ ਓਦੋਂ ਤੱਕ ਜਾਰੀ ਰਹੇਗਾ ਜਦੋਂ ਤਕ ਸੰਸਦ 'ਚ ਇਸ ਕਾਨੂੰਨ ਨੂੰ ਰੱਦ ਨਹੀਂ ਕੀਤਾ ਜਾਂਦਾ। ਲਖਨਊ 'ਚ ਕਿਸਾਨ ਮਹਾਂਪੰਚਾਇਤ 26 ਨਵੰਬਰ ਨੂੰ ਇੱਕ ਸਾਲ ਪੂਰਾ ਹੋਣ 'ਤੇ ਹਰ ਮੋਰਚੇ 'ਤੇ ਭੀੜ ਵਧੇਗੀ।

# ਟਰੱਕ 'ਚੋਂ ਵਰ੍ਹਿਆ ਡਾਲਰਾਂ ਦਾ ਮੀਂਹ ਤਾਂ ਲੋਕਾਂ ਨੇ ਮਚਾਈ ਲੁੱਟ



ਵਾਸ਼ਿੰਗਟਨ - ਅਮਰੀਕਾ ਦੇ ਕੈਲੇਫ਼ੋਰਨੀਆ 'ਚ ਇੱਕ ਮਜ਼ੇਦਾਰ ਘਟਨਾ ਵਾਪਰੀ। ਅਸਲ 'ਚ ਕਾਰਲਜ਼ਬੈੱਡ ਹਾਈਵੇਅ ਤੋਂ ਲੰਘ ਰਹੇ ਇੱਕ ਟਰੱਕ ਦਾ ਪਿਛਲਾ ਦਰਵਾਜ਼ਾ ਅਚਾਨਕ ਖੁੱਲ੍ਹ ਗਿਆ ਅਤੇ ਉਸ 'ਚ ਪਏ ਡਾਲਰਾਂ ਨਾਲ ਭਰੇ ਕਈ ਬੈਗ ਤੇਜ਼ੀ ਨਾਲ ਹਵਾ 'ਚ ਉੱਡ ਗਏ। ਉਸ ਤੋਂ ਬਾਅਦ ਬੈਗ 'ਚੋਂ ਡਾਲਰ ਸੜਕ 'ਤੇ ਉੱਡਣ ਲੱਗੇ। ਕੁੱਝ ਦੇਰ ਲਈ ਇੰਝ ਮਹਿਸੂਸ ਹੋਇਆ ਜਿਵੇਂ ਸੜਕ 'ਤੇ ਨੋਟਾਂ ਦੀ ਬਰਸਾਤ ਹੋ ਰਹੀ ਹੋਵੇ। ਇਸ ਦੌਰਾਨ ਸੜਕ ਤੋਂ ਲੰਘਣ ਵਾਲੇ ਲੋਕਾਂ ਨੇ ਆਪਣੀਆਂ ਕਾਰਾਂ ਖੜ੍ਹੀਆਂ ਕਰ ਕੇ ਡਾਲਰਾਂ ਦੀ ਲੁੱਟ ਕਰਨੀ ਸ਼ੁਰੂ ਕਰ ਦਿੱਤੀ। ਜੋ ਜਿੱਥੇ ਸੀ ਉਹ ਉੱਥੇ ਹੀ ਰੁੱਕ ਗਿਆ ਅਤੇ ਨੋਟ ਇਕੱਠੇ ਕਰਨ ਲੱਗਾ। ਇਸ ਦੌਰਾਨ ਟ੍ਰੈਫ਼ਿਕ ਜਾਮ ਵਰਗੀ ਸਥਿਤੀ ਬਣ ਗਈ।

ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਕਾਰਲਜ਼ਬੈੱਡ ਦੇ ਅੰਤਰਰਾਜੀ ਹਾਈਵੇਅ-5 'ਤੇ ਸਵੇਰੇ 9: 15 ਵਜੇ ਦੇ ਕਰੀਬ ਵਾਪਰੀ ਜਦੋਂ ਟਰੱਕ ਸੈਨ ਡੀਐਗੋ ਤੋਂ ਫ਼ੈਡਰਲ ਡਿਪੌਜ਼ਿਟ ਇੰਸ਼ੋਰੈਂਸ਼ ਕੌਰਪੋਰੇਸ਼ਨ ਦੇ ਦਫ਼ਤਰ ਵੱਲ ਜਾ ਰਿਹਾ ਸੀ। ਸੜਕ 'ਤੇ ਉੱਡਦੇ ਨੋਟਾਂ ਨੂੰ ਦੇਖ ਕੇ ਕਈ ਲੋਕਾਂ ਨੇ ਆਪਣੀਆਂ ਗੱਡੀਆਂ ਖੜ੍ਹੀਆਂ ਕਰ ਕੇ ਇਹਨਾਂ ਨੂੰ ਇਕੱਠੇ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਜਦੋਂ ਟਰੱਕ ਦੇ ਡਰਾਈਵਰ ਨੇ ਇਸ ਦਾ ਵਿਰੋਧ ਕੀਤਾ ਤਾਂ ਲੋਕਾਂ ਨਾਲ ਉਸ ਦੀ ਹੱਥੋਪਾਈ ਹੋ ਗਈ।

ਜ਼ਿਕਰਯਗ ਹੈ ਕਿ ਕੈਲੇਫ਼ੋਰਨੀਆ ਹਾਈਵੇਅ ਪੈਟਰੋਲ ਸਾਰਜੈਂਟ ਕਰਟਿਸ ਮਾਰਟਿਨ ਨੇ ਦੱਸਿਆ ਕਿ ਘਟਨਾ ਸਵੇਰੇ 9: 15 'ਤੇ ਵਾਪਰੀ। ਟਰੱਕ 'ਚ ਕਈ ਬੋਰੀਆਂ ਸਨ ਜੋ ਸੜਕ 'ਤੇ ਡਿੱਗ ਗਈਆਂ। ਟਰੱਕ ਦੀ ਰਫ਼ਤਾਰ ਤੇਜ਼ ਸੀ ਜਿਸ ਕਾਰਨ ਬੋਰੀਆਂ ਖੁੱਲ੍ਹ ਗਈਆਂ ਅਤੇ ਉਸ 'ਚ ਭਰੇ ਨੋਟ ਸੜਕ 'ਤੇ ਉੱਡਣ ਲੱਗੇ। ਸਾਰੇ ਬੈਗ 20 ਡਾਲਰ ਅਤੇ ਹੋਰ ਨੋਟਾਂ ਨਾਲ ਭਰੇ ਹੋਏ ਸਨ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲੀਸ ਨੇ ਹਾਈਵੇਅ ਨੂੰ ਦੋਵੇਂ ਪਾਸਿਓਂ ਸੀਲ ਕਰ ਦਿੱਤਾ। ਪੁਲੀਸ ਨੇ ਲੋਕਾਂ ਦੀ ਜਾਂਚ ਲਈ ਅਜਿਹਾ ਕੀਤਾ, ਅਤੇ ਤਕਰੀਬਨ ਦੋ ਘੰਟੇ ਦੀ ਜੱਦੋ-ਜਹਿਦ ਤੋਂ ਬਾਅਦ ਸੜਕ ਨੂੰ ਮੁੜ ਖੋਲ੍ਹਿਆ ਗਿਆ।

ਸੜਕਾਂ 'ਤੇ ਨੱਚ ਰਹੇ ਸਨ ਡਾਲਰ ਲੁੱਟਣ ਵਾਲੇ- ਸੜਕਾਂ 'ਤੇ ਡਾਲਰਾਂ ਨੂੰ ਦੇਖ ਕੇ ਲੋਕ ਪਾਗਲਾਂ ਵਾਂਗ ਛਾਲਾਂ ਮਾਰ ਰਹੇ ਸਨ। ਇੰਝ ਲੱਗ ਰਿਹਾ ਸੀ ਜਿਵੇਂ ਉਹ ਲਾਟਰੀ ਜਿੱਤ ਗਏ ਹੋਣ। ਜੋ ਜਿੱਥੇ ਵੀ ਸੀ, ਉਹ ਉਥੋਂ ਹੀ ਦੋਵੇਂ ਹੱਥਾਂ ਨਾਲ ਨੋਟਾਂ ਨੂੰ ਇਕੱਠਾ ਕਰ ਰਿਹਾ ਸੀ। ਕਈ ਲੋਕ ਦੋਵੇਂ ਹੱਥਾਂ 'ਚ ਨੋਟ ਲੈ ਕੇ ਖ਼ੁਸ਼ੀ 'ਚ ਚੀਕ ਰਹੇ ਸਨ, ਕਦੇ ਨੱਚ ਰਹੇ ਸਨ। ਇਨ੍ਹਾਂ 'ਚ ਮਰਦ ਅਤੇ ਔਰਤਾਂ ਦੋਵੇਂ ਸ਼ਾਮਿਲ ਸਨ। ਇਨ੍ਹਾਂ 'ਚੋਂ ਕਈ ਲੋਕ ਡਾਲਰ ਇਕੱਠੇ ਕਰਨ ਦੇ ਨਾਲ-ਨਾਲ ਵੀਡੀਓ ਵੀ ਬਣਾ ਰਹੇ ਸਨ। ਇਹ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵੀ ਅਪਲੋਡ ਕੀਤੀਆਂ ਗਈਆਂ ਜੋ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ।ਘਟਨਾ ਤੋਂ ਬਾਅਦ ਟਰੱਕ ਡਰਾਈਵਰ ਨੇ ਹਾਈਵੇਅ ਪੈਟਰੋਲਿੰਗ ਪੁਲੀਸ ਨੂੰ ਸੂਚਨਾ ਦਿੱਤੀ। ਉਸ ਤੋਂ ਬਾਅਦ ਮੌਕੇ 'ਤੇ ਪਹੁੰਚੇ ਸਾਰਜੈਂਟ ਨੇ ਨੋਟ ਲੁੱਟਣ ਵਾਲੇ ਲੋਕਾਂ ਨੂੰ ਚਿਤਾਵਨੀ ਦਿੱਤੀ ਅਤੇ ਉਨ੍ਹਾਂ ਨੂੰ ਰਾਸ਼ੀ ਜਮ੍ਹਾਂ ਕਰਵਾਉਣ ਲਈ ਕਿਹਾ। ਹਾਲਾਂਕਿ ਇਸ ਦੌਰਾਨ ਕੁੱਝ ਲੋਕਾਂ ਨੇ ਪੈਸੇ ਵਾਪਿਸ ਕਰ ਦਿੱਤੇ ਪਰ ਕੁੱਝ ਵਿਅਕਤੀ ਡਾਲਰ ਲੈ ਕੇ ਕਾਰ 'ਚ ਬੈਠ ਕੇ ਫ਼ਰਾਰ ਹੋ ਗਏ। ਹਾਲਾਂਕਿ, ਪੁਲੀਸ ਨੇ ਘਟਨਾ ਨੂੰ ਲੈ ਕੇ ਵਿਸ਼ੇਸ਼ ਚਿਤਾਵਨੀ ਜਾਰੀ ਕੀਤੀ ਹੈ। ਪੁਲੀਸ ਨੇ ਲੋਕਾਂ ਨੂੰ ਪੈਸੇ ਵਾਪਿਸ ਕਰਨ ਦੀ ਅਪੀਲ ਕਰਦੇ ਹੋਏ ਵਾਰਨਿੰਗ ਦਿੱਤੀ ਕਿ ਉਹ ਡਾਲਰ ਉਸ ਦੇ ਦਫ਼ਤਰ 'ਚ ਜਮ੍ਹਾਂ ਕਰਵਾ ਦੇਣ ਨਹੀਂ ਤਾਂ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।

ਐਫਬੀਆਈ ਕਰ ਰਹੀ ਘਟਨਾ ਦੀ ਜਾਂਚ- ਅਮਰੀਕੀ ਜਾਂਚ ਏਜੰਸੀ ਐਫਬੀਆਈ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਨੇ ਤੁਰੰਤ ਇਹ ਨਹੀਂ ਦੱਸਿਆ ਕਿ ਕਿੰਨੀ ਰਕਮ ਗਾਇਬ ਹੋਈ ਹੈ। ਸੈਨ ਡੀਐਗੋ ਯੂਨੀਅਨ-ਟ੍ਰਿਬਿਊਨ ਨੇ ਰਿਪੋਰਟ ਦਿੱਤੀ ਹੈ ਕਿ ਘੱਟੋ-ਘੱਟ ਇੱਕ ਦਰਜਨ ਲੋਕਾਂ ਨੇ ਪੈਸੇ ਵਾਪਿਸ ਕਰ ਦਿੱਤੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਕੁੱਝ ਲੋਕਾਂ ਨੇ ਵੱਡੀ ਰਕਮ ਇਕੱਠੀ ਕੀਤੀ ਸੀ ਜੋ ਉਨ੍ਹਾਂ ਨੇ ਵਾਪਿਸ ਕਰ ਦਿੱਤੀ ਹੈ।

# ਦਾੜ੍ਹੀ ਨਾਲ ਚੁੱਕੀ 64 ਕਿੱਲੋ ਦੀ ਮਹਿਲਾ

ਇਸਤੈਨਬੁਲ - ਦੁਨੀਆਂ 'ਚ ਰੋਜ਼ਾਨਾ ਕੋਈ ਨਾ ਕੋਈ ਰਿਕਾਰਡ ਬਣਦਾ ਰਹਿੰਦਾ ਹੈ। ਵਰਲਡ ਰਿਕਾਰਡ ਬਣਾਉਣ ਖਾਤਰ ਲੋਕ ਕੁੱਝ ਵੀ ਕਰ ਗੁਜਰਦੇ ਹਨ। ਇਸੇ ਤਰ੍ਹਾਂ ਦਾ ਇੱਕ ਮਾਮਲਾ ਇਸਤੈਨਬੁਲ ਦਾ ਸਾਹਮਣੇ ਆਇਆ ਹੈ। ਇੱਥੇ ਇੱਕ ਸ਼ਖ਼ਸ ਨੇ ਆਪਣੀ ਦਾੜ੍ਹੀ ਨਾਲ ਇੱਕ ਔਰਤ ਨੂੰ ਚੁੱਕ ਕੇ ਵਿਸ਼ਵ ਰਿਕਾਰਡ ਸਥਾਪਿਤ ਕੀਤਾ ਹੈ। ਇਸ ਲਈ ਐਂਟਾਨਾਸ ਕੋਂਟ੍ਰੀਮਾਸ ਨਾਮ ਦੇ ਵਿਅਕਤੀ ਦੀ ਦਾੜ੍ਹੀ ਕੰਮ ਆਈ।

ਐਂਟਾਨਾਸ ਨੇ ਆਪਣੀ ਦਾੜ੍ਹੀ ਨਾਲ ਸਭ ਤੋਂ ਭਾਰੀ ਸਾਮਾਨ ਚੁੱਕਣ ਦਾ ਵਰਲਡ ਰਿਕਾਰਡ ਬਣਾਇਆ। ਇਸ ਲਈ ਉਸ ਨੇ ਜਿਹੜੀ ਮਹਿਲਾ ਨੂੰ ਚੁੱਕਿਆ, ਉਸ ਦਾ ਵਜ਼ਨ 63.80 ਕਿਲੋਗ੍ਰਾਮ ਸੀ। ਗਿਨੀਜ਼ ਵਰਲਡ ਰਿਕਾਰਡ ਨੇ ਉਸ ਦਾ ਇੱਕ ਵੀਡੀਓ ਇਨਸਟਾਗ੍ਰੈਮ 'ਤੇ ਸ਼ੇਅਰ ਵੀ ਕੀਤਾ। ਇਸ ਵੀਡੀਓ ਨੂੰ ਦੇਖ ਕੇ ਲੋਕ ਹੈਰਾਨ ਰਹਿ ਗਏ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਇੱਕ ਮਹਿਲਾ ਇੱਕ ਹਾਰਨੈੱਸ ਦੀ ਮਦਦ ਨਾਲ ਐਂਟਾਨਾਸ ਦੀ ਦਾੜ੍ਹੀ ਨਾਲ ਬੰਨ੍ਹੀ ਹੋਈ ਹੈ। ਸ਼ੁਰੂਆਤ 'ਚ ਇਹ ਕੰਮ ਦੇਖਣ 'ਚ ਬਹੁਤ ਮੁਸ਼ਕਿਲ ਲੱਗਦਾ ਹੈ, ਪਰ ਐਂਟਾਨਾਸ ਆਸਾਨੀ ਨਾਲ ਇਸ 'ਚ ਸਫ਼ਲ ਹੋ ਜਾਂਦੈ।

ਇਨਸਟਾਗ੍ਰੈਮ 'ਤੇ ਸ਼ੇਅਰ ਕੀਤੇ ਜਾਣ ਦੇ ਬਾਅਦ ਹੁਣ ਤਕ ਇਸ ਵੀਡੀਓ ਨੂੰ 10 ਲੱਖ ਤੋਂ ਵੱਧ ਲੋਕ ਦੇਖ ਚੁੱਕੇ ਹਨ ਅਤੇ 92 ਹਜ਼ਾਰ ਤੋਂ ਵੱਧ ਲੋਕਾਂ ਨੇ ਲਾਈਕ ਕੀਤਾ ਹੈ।



# ਜ਼ਿੰਦਗੀ ਦਾ ਹੁਲਾਰਾ ਹਨ ਲੋਕ ਨਾਚ

**ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ**





ਲੋਕ ਨਾਚ ਆਪਣੇ ਸਮੇਂ ਦੀ ਰਹਿਣੀ-ਬਹਿਣੀ ਤੇ ਕੁਦਰਤੀ ਵਾਤਾਵਰਣ ਦਾ ਸਹੀ ਦਰਪਣ ਹੁੰਦੇ ਹਨ ਕਿਉਂਕਿ ਨੱਚਣ ਵਾਲਾ ਸਾਰੇ ਨਾਚ ਕਰਮ ਆਪਣੇ ਆਲੇ ਦੁਆਲੇ ਦੇ ਜੀਵਨ ਵਿੱਚੋਂ ਲੈਂਦਾ ਹੈ। ਸ਼ੁਰੂ ਵਿੱਚ ਨਾਚ, ਗੀਤ ਤੇ ਸੰਗੀਤ ਤਿੰਨੇ ਰਲੇ ਮਿਲੇ ਹੁਨਰ ਸਨ, ਤਿੰਨੇ ਖ਼ੁਸ਼ੀ ਦਾ ਸਾਧਨ ਸਨ, ਪਰ ਜਿਉਂ ਸੱਭਿਅਤਾ ਵੱਧਦੀ ਗਈ ਇਹ ਤਿੰਨ ਹੁਨਰ ਇੱਕ ਦੂਜੇ ਤੋਂ ਦੂਰ ਹੁੰਦੇ ਗਏ। ਨਾਚ ਵਧਕੇ ਨਾਟ ਸ਼ਾਸਤਰ ਦੇ ਨਿਯਮਾਂ ਵਿੱਚ ਬੱਝ ਗਿਆ,ਗੀਤ ਪਿੰਗਲ ਦੇ ਬੰਧਨਾਂ ਵਿੱਚ ਜਕੜਿਆ ਗਿਆ ਤੇ ਰਾਗ ਸ਼ਾਸਤਰੀ ਸੰਗੀਤ ਵਿੱਚ। ਸਾਜ਼ ਸੰਗੀਤ ਢੋਲਕ ਦੀ ਤਾਲ ਤੋਂ ਵਧਦਾ ਇੰਨੇ ਸਾਜ਼ਾਂ ਵਿੱਚ ਫੈਲ ਗਿਆ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਨਾਂ ਤਾਂ ਕੀ ਗਿਣਤੀ ਵੀ ਯਾਦ ਨਹੀਂ ਰਹਿੰਦੀ।

ਕਲਾਸੀਕਲ ਨਾਚ ਵਿੱਚ ਸੂਖਮ ਭਾਵਾਂ ਨੂੰ ਦਰਸਾਉਣ ਲਈ ਚਿਹਰੇ ਉੱਤੇ ਤੇਜ਼ ਰੌਸ਼ਨੀ ਪਾਈ ਜਾਂਦੀ ਹੈ ਤੇ ਜੇ ਕਲਾਸੀਕਲ ਨੱਚਣ ਵਾਲੇ ਨੇ ਢੁਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ ਤੇ ਨਾ ਹੀ ਦਰਸ਼ਕਾਂ ਨੂੰ ਮੋਹ ਸਕਦਾ ਹੈ। ਇਸ ਨੂੰ ਪੂਰੀ ਤਰ੍ਹਾਂ ਲੁਭਾਏਮਾਨ ਹੋਣ ਲਈ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਉਲਟ ਲੋਕ ਨਾਚ ਲਈ ਹਰ ਪੁਸ਼ਾਕ ਢੁਕਵੀਂ ਹੈ, ਜਿੰਨੇ ਸਰੂਰ ਤੇ ਜਿੰਨੀ ਖ਼ੁਸ਼ੀ ਵਿੱਚ ਕੋਈ ਨੱਚੇਗਾ ਓਨਾ ਹੀ ਸੁਹਜ ਤੇ ਰੰਗ ਉਸ ਦੇ ਨਾਚ ਵਿੱਚ ਝਲਕੇਗਾ। ਸਾਡੇ ਇਨ੍ਹਾਂ ਨਾਚਾਂ ਵਿੱਚ ਓਨੀ ਹੀ ਤਕੜਾਈ ਤੇ ਜੋਸ਼ ਹੈ ਜਿੰਨੀ ਪੰਜਾਬੀਆਂ ਵਿੱਚ ਮੰਨੀ ਅਤੇ ਸਮਝੀ ਜਾਂਦੀ ਹੈ।

ਪੰਜਾਬ ਦੇ ਲੋਕ ਨਾਚ, ਭੰਗੜਾ, ਗਿੱਧਾ, ਝੂੰਮਰ ਲੁੱਡੀ, ਧਮਾਲ, ਕਿੱਕਲੀ ਤੇ ਸੰਮੀ ਆਦਿ ਹਨ, ਪਰ ਇਨ੍ਹਾਂ ਵਿੱਚੋਂ ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ। ਗਿੱਧਾ ਇਨ੍ਹਾਂ ਮੁਟਿਆਰਾਂ ਦਾ ਸਰੀਰਿਕ ਤੇ ਨਾਟਕੀ ਪ੍ਰਗਟਾਅ ਹੈ। ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਭੰਗੜਾ ਜ਼ਰੂਰ ਪੈਂਦਾ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੀ ਕਰੜਾਈ ਤੇ ਗਠੀਲੇਪਣ ਦੀ ਇੱਕ ਪ੍ਰਤੱਖ ਤਸਵੀਰ ਹੈ। ਇਹ ਨਾਚ ਅਸਲ ਵਿੱਚ ਹੈ ਤਾਂ ਪੱਛਮੀ ਪੰਜਾਬ ਦੇ ਸ਼ੇਖ਼ੂਪੁਰੇ, ਗੁਜਰਾਤ ਤੇ ਸਿਆਲਕੋਟ ਜ਼ਿਲ੍ਹਿਆਂ ਦਾ ਪਰ ਜੋਸ਼-ਪ੍ਰਧਾਨ ਹੋਣ ਕਰਕੇ ਇਹ ਪੰਜਾਬ ਦਾ ਲੋਕ ਨਾਚ ਹੋ ਨਿੱਬੜਿਆ।

ਢੋਲ ਇਸ ਨਾਚ ਦਾ ਸਭ ਤੋਂ ਜ਼ਰੂਰੀ ਸਾਜ਼ ਹੈ, ਬਾਕੀ ਸਾਰੇ ਸਾਜ਼ ਉਸ ਦਾ ਸਾਥ ਦੇਣ ਲਈ ਹੁੰਦੇ ਹਨ। ਇਨ੍ਹਾਂ ਵਿੱਚ ਨਗੋਜ਼ੇ, ਤੂੰਬਾ, ਚਿਮਟਾ, ਕਾਟੋ, ਸੱਪ ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ ਨਾਲ ਢੁਕ ਜਾਂਦਾ ਹੈ।

ਆਮ ਕਸਰਤ ਕਰਦੇ ਸਮੇਂ ਮਨੁੱਖ ਨੂੰ ਸਿਰਫ਼ ਸਰੀਰ ਦੀ ਤਕੜਾਈ ਦਾ ਹੀ ਖ਼ਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਤੇ ਸਰੀਰ ਦੋਹਾਂ ਦੀ ਕਸਰਤ ਹੁੰਦੀ ਹੈ। ਇਹ ਇੱਕੋ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖ਼ੁਸ਼ ਅਤੇ ਬਲਵਾਨ ਯੋਧੇ ਬਣੇ ਰਹਿਣ ਵਿੱਚ ਸਹਾਈ ਹੁੰਦਾ ਹੈ।

ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ ਕਿਉਂਕਿ ਹੋਰ ਨਾਚਾਂ ਦਾ ਸਬੰਧ ਵਧੇਰੇ ਕਰਕੇ ਪੱਛਮੀ ਪੰਜਾਬ ਨਾਲ ਹੈ। ਗਿੱਧਾ ਹੈ ਤਾਂ ਸਾਰੇ ਪੰਜਾਬ ਦਾ ਹੀ, ਪਰ ਕਈ ਮੌਸਮ ਵੀ ਇਸ ਨਾਲ ਸਬੰਧ ਰੱਖਦੇ ਹਨ। ਸਾਉਣ ਦੇ ਮਹੀਨੇ ਔਰਤਾਂ ਗਿੱਧੇ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। ਇਸ ਦੀ ਏਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿੱਚ ਪੇਕੇ ਘਰ ਜ਼ਰੂਰ ਆਉਂਦੀ ਹੈ। ਗਿੱਧਾ ਪਾਉਂਦੀਆਂ ਕੁੜੀਆਂ ਕੇਵਲ ਨੱਚਦੀਆਂ ਹੀ ਨਹੀਂ ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪ੍ਰਗਟਾਉਂਦੀਆਂ ਹਨ ਜੋ ਗੀਤਾਂ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਬੋਲ ਰਚਣ ਵਾਲੇ ਦਾ ਨਾਂ ਪਤਾ ਹੀ ਨਹੀਂ ਹੁੰਦਾ। ਕੁੜੀਆਂ ਆਪਣੇ ਮਨ ਦੇ ਪਿਆਰ ਉਛਾਲ ਨੂੰ ਨਿਡਰ ਹੋ ਪ੍ਰਗਟ ਕਰਦੀਆਂ ਹਨ ਜਿਵੇਂ:

ਤੈਨੂੰ ਵੇਖਿਆਂ ਸਬਰ ਨਾ ਆਵੇ
ਯਾਰਾ ਤੇਰਾ ਘੁੱਟ ਭਰ ਲਾਂ

ਗਿੱਧੇ ਵਿੱਚ ਤਾਲ ਤਾੜੀ ਨਾਲ ਉਸਾਰਿਆ ਜਾਂਦਾ ਹੈ। ਬੋਲੀ ਪਾ ਕੇ ਉਸ ਬੋਲੀ ਦਾ ਭਾਵ ਨਾਚ ਅਭਿਨੈ ਜਾਂ ਨ੍ਰਿਤ ਨਾਟਕੀ ਢੰਗ ਨਾਲ ਸਾਕਾਰ ਕੀਤਾ ਜਾਂਦਾ ਹੈ। ਇਸ ਵਿੱਚ ਪਿਆਰ, ਬਿਰਹਾ ਤੇ ਨਿੱਤ ਦੇ ਘਰੇਲੂ ਜੀਵਨ ਦੀਆਂ ਝਾਕੀਆਂ ਹੁੰਦੀਆਂ ਹਨ। ਕੋਈ ਗੀਤ ਸੱਸ-ਨੂੰਹ ਦਾ ਝਗੜਾ ਦਰਸਾਉਂਦਾ ਹੈ, ਕਿਤੇ ਵੀਰ ਤੇ ਬਾਬਲ ਦੀ ਸਿਫ਼ਤ ਹੁੰਦੀ ਹੈ, ਕਿਤੇ ਮਾਂ ਦੀ ਛਾਂ ਦੀ ਗੱਲ ਤੇ ਕਿਤੇ ਪਤੀ ਦੀ ਮੁਹੱਬਤ ਤੇ ਕਦੀ ਪਤੀ ਦੀ ਬੁਰਾਈ।

ਝੂਮਰ ਪੰਜਾਬ ਦੇ ਲੋਕ ਨਾਚਾਂ ਵਿੱਚੋਂ ਸੱਭ ਤੋਂ ਵੱਧ ਕਲਾਤਮਿਕ ਨਾਚ ਹੈ। ਇਹ ਨਿਰੋਲ ਖ਼ੁਸ਼ੀ ਪ੍ਰਗਟਾਉਂਦਾ ਹੈ। ਝੂਮਰ ਨੱਚਣ ਵਾਲਾ ਬੜੇ ਕਲਾਤਮਿਕ ਤੇ ਨਜ਼ਾਕਤ ਨਾਲ ਝੂਮਦਾ ਹੈ ਜਿਵੇਂ ਫੁੱਲਾਂ ਲੱਦੀਆਂ ਡਾਲੀਆਂ ਝੂਮਦੀਆਂ ਹਨ। ਇਸ ਦੀ ਲੈਅ ਲੰਬੀ ਹੁੰਦੀ ਹੈ ਤੇ ਢੋਲ ਦੀ ਤਾਲ ਕੋਮਲ ਹੁੰਦੀ ਹੈ। ਅਸਲ ਵਿੱਚ ਇਹ ਲਹੂ ਗੇੜ ਵਰਗਾ ਹੈ ਤੇ ਚੱਕਰ ਧੁਨੀ ਨਾਲ ਮਘਦਾ ਹੈ।

ਝੂਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਵਸਨੀਕਾਂ ਦਾ ਮਰਦਾਵਾਂ ਨਾਚ ਹੈ। ਇਸ ਵਿੱਚ ਲਾਇਲਪੁਰ, ਸ਼ੇਖ਼ੂਪੁਰਾ, ਮਿੰਟਗੁਮਰੀ ਅਤੇ ਝੰਗ ਜ਼ਿਲ੍ਹਿਆਂ ਦਾ ਕੁਝ ਇਲਾਕਾ ਆਉਂਦਾ ਹੈ।

ਵਹੀਰਾਂ ਵਿੱਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈਅ ਮਈ ਬਣਾ ਦਿੰਦੀਆਂ ਹਨ। ਇਹ ਲੋਕ ਆਪ ਤਾਂ ਨੱਚਦੇ ਹੀ ਸਨ ਆਪਣੇ ਘੋੜਿਆਂ ਤੇ ਊਠਾਂ ’ਤੇ ਬੈਠ ਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਵਿੱਚ ਨਚਾਉਂਦੇ ਸਨ। ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ ਤੇ ਢੋਲ ਵੀ ਅਜਿਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।

ਮੈਂ ਤਾਂ ਪਾਣੀ ਭਰੇਨੀ ਆਂ ਪੱਤਣੋਂ
ਭੈੜੇ ਨੈਣ ਨਾ ਰਹਿੰਦੇ ਤੱਕਣੋਂ

ਨੱਚਦੇ ਹੋਏ ਝੂਮਰੀ ਮੂੰਹ ਵਿੱਚੋਂ ਸ਼ੀ ਸ਼ੀ ਦੀ ਆਵਾਜ਼ ਕੱਢਦੇ ਹਨ ਜਿਸ ਨੂੰ ਫੁੰਮਣੀਆਂ ਕੱਢਣੀਆਂ ਕਹਿੰਦੇ ਹਨ।

ਸੰਮੀ ਔਰਤਾਂ ਦਾ ਨਾਚ ਹੈ ਤੇ ਇਸਦਾ ਸਬੰਧ ਵੀ ਸਾਂਦਲਬਾਰ ਦੇ ਇਲਾਕੇ ਨਾਲ ਹੈ। ਚਾਨਣੀਆਂ ਰਾਤਾਂ ਵਿੱਚ ਜਦੋਂ ਕੁੜੀਆਂ ਇੱਕਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਨਾਲ ਚੂੜੀਆਂ ਦੀ ਛਣਕਾਰ ਪੈਰਾਂ ਦੀ ਧਮਕ ਤੇ ਝਾਂਜਰਾਂ ਦੀ ਟੁਣਕਾਰ ਇੱਕੋ ਸਮੇਂ ਹੁੰਦੀ ਹੈ। ਇਸ ਨਾਚ ਵਿੱਚ ਕਿਸੇ ਸਾਜ਼ ਦੀ ਲੋੜ ਨਹੀਂ। ਤਾਲ ਦਾ ਹਿਸਾਬ ਕੇਵਲ ਤਾੜੀਆਂ ਤੇ ਚੁਟਕੀਆਂ ਨਾਲ ਹੀ ਰੱਖਿਆ ਜਾਂਦਾ ਹੈ। ਕਿੱਕਲੀ ਅਸਲ ਵਿੱਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ ਕਦੇ ਨਿੱਕੇ ਮੁੰਡੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ। ਭਰਾ ਤੇ ਭੈਣ ਦਾ ਪਿਆਰ ਹਾਣ ਦਾ ਹੈ, ਇਹੀ ਕਾਰਨ ਹੈ ਕਿ ਕਿੱਕਲੀ ਵਿੱਚ ਬਹੁਤੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ ਜਿਵੇਂ :

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ ਫਿੱਟੇ ਮੂੰਹ ਜਵਾਈ ਦਾ

ਇਸ ਤਰ੍ਹਾਂ ਹੀ ਲੁੱਡੀ ਪੰਜਾਬ ਦਾ ਖ਼ੁਸ਼ੀ ਦਾ ਨਾਚ ਹੈ। ਲੋਕ ਕਿਸੇ ਜਿੱਤ ਦੀ ਖ਼ੁਸ਼ੀ ਵਿੱਚ ਲੁੱਡੀ ਪਾਉਂਦੇ ਹਨ। ਅੱਜ ਦੇ ਯੁੱਗ ਵਿੱਚ ਲੋਕ ਨਾਚ ਸਿਰਫ਼ ਲੋਕ ਨਾਚ ਹੀ ਨਹੀਂ, ਇਸ ਦੇ ਵਿਖਾਵੇ ਵਿੱਚ ਲੋਕਾਂ ਦੇ ਸੂਝ ਪੱਧਰ ਦਾ ਵੀ ਪਤਾ ਲੱਗਦਾ ਹੈ। ਮੇਰੇ ਵਿਸ਼ਵਾਸ ਵਿੱਚ ਲੋਕ ਨਾਚ ਨੱਚਣ ਲਈ ਮਨ ਦਾ ਕਲਾਕਾਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਦਾ ਦਿਲ ਬੜਾ ਨਿੱਘਾ ਹੈ ਤੇ ਇਹ ਬੜਾ ਭਰਪੂਰ ਹਾਸਾ ਹੱਸਦੇ ਹਨ। ਹਰ ਦੇਸ਼ ਦੀ ਕਲਾ ਉਸ ਦੇ ਸੱਭਿਆਚਾਰ ਦਾ ਪ੍ਰਤੀਕ ਹੋ ਨਿਬੜਦੀ ਹੈ।

**ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।**

ਸ.ਫ਼ਾ ਇੱਕ ਦੀ ਬਾਕੀ

# ਕਿਸਾਨ ਅੰਦੋਲਨ ਦਾ ਰੁਖ ਤੈਅ ਕਰਨ ਵਾਲੀਆਂ 11 ਅਹਿਮ ਘਟਨਾਵਾਂ

ਰੋਕਣ ਲਈ ਤਿਆਰ ਸੀ। ਐੱਮਐੱਸਪੀ ਅਤੇ ਕਾਨੂੰਨਾਂ ਦੀ ਪੜਚੋਲ ਲਈ ਕਮੇਟੀ ਦੇ ਗਠਨ ਦੀ ਪੇਸ਼ਕਸ਼ ਕਰ ਰਹੀ ਸੀ, ਪਰ ਕਿਸਾਨ ਆਗੂ ਤਿੰਨੇ ਕਾਨੂੰਨ ਰੱਦ ਕਰਨ ਅਤੇ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਦੇਣ ਦੀ ਮੰਗ ਉੱਤੇ ਅੜੇ ਰਹੇ।

ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਸਰਕਾਰ ਇਸ ਤੋਂ ਵੱਧ ਹੋਰ ਆਫ਼ਰ ਨਹੀਂ ਕਰ ਸਕਦੀ। ਜੇਕਰ ਕਿਸਾਨ ਇਸ ਪੇਸ਼ਕਸ਼ ਨੂੰ ਸਵੀਕਾਰ ਕਰਨ ਤਾਂ ਅੱਗੇ ਗੱਲਬਾਤ ਹੋ ਸਕਦੀ ਹੈ।

5. 26 ਜਨਵਰੀ ਦੀ ਟਰੈਕਟਰ ਪਰੇਡ ਤੇ ਹਿੰਸਾ

ਸੰਯੁਕਤ ਕਿਸਾਨ ਮੋਰਚੇ ਨੇ 26 ਜਨਵਰੀ 2021 ਨੂੰ ਦਿੱਲੀ ਵਿਚ ਗਣਤੰਤਰ ਦਿਵਸ ਮੌਕੇ ਕਿਸਾਨ ਟਰੈਕਟਰ ਮਾਰਚ ਕਰਨ ਦਾ ਐਲਾਨ ਕੀਤਾ।

ਸੰਯੁਕਤ ਮੋਰਚੇ ਅਤੇ ਦਿੱਲੀ ਪੁਲਿਸ ਵਿਚਾਲੇ ਰੂਟ ਵੀ ਤੈਅ ਹੋਇਆ, ਪਰ ਇੱਕ ਕਿਸਾਨ ਜਥੇਬੰਦੀ ਅਤੇ ਕੁਝ ਹੋਰ ਸੰਗਠਨ ਦੇ ਕਾਰਕੁਨ ਰਿੰਗ ਰੋਡ ਉੱਤੇ ਟਰੈਟਕਰ ਮਾਰਚ ਕਰਨ ਦੀ ਜਿੱਦ @ਚ ਮਾਹੌਲ ਖ਼ਰਾਬ ਕਰ ਬੈਠੇ।

ਕਾਫ਼ੀ ਗਿਣਤੀ @ਚ ਕਿਸਾਨ ਲਾਲ ਕਿਲੇ ਉੱਤੇ ਪਹੁੰਚ ਗਏ ਅਤੇ ਉਨ੍ਹਾਂ ਉੱਤੇ ਕਿਸਾਨੀ ਤੇ ਕੇਸਰੀ ਝੰਡੇ ਖਾਲੀ ਪੋਲ ਉੱਤੇ ਟੰਗ ਦਿੱਤੇ। ਇਸ ਦਿਨ ਦਿੱਲੀ ਪੁਲਿਸ ਨਾਲ ਕਿਸਾਨਾਂ ਦੀਆਂ ਤਿੱਖੀਆਂ ਝੜਪਾਂ ਵੀ ਹੋਈਆਂ ਅਤੇ ਲਾਲ ਕਿਲੇ ਤੋਂ ਕੁਝ ਕਿੱਲੋਮੀਟਰ ਦੀ ਦੂਰੀ @ਤੇ ਇੱਕ ਨੌਜਵਾਨ ਦੀ ਮੌਤ ਵੀ ਹੋਈ।

6. ਟਿਕੈਤ ਦੇ ਹੰਝਆਂ ਨੇ ਮੁੜ ਖੜਾ ਕੀਤਾ ਅੰਦੋਲਨ

ਬਾਰਡਰਾਂ ਉੱਤੇ ਕਿਸਾਨਾਂ ਦੀ ਗਿਣਤੀ ਕੁਝ ਘਟਦਿਆਂ ਹੀ ਸਰਕਾਰ ਨੇ ਦਿੱਲੀ ਬਾਰਡਰਾਂ ਨੂੰ ਖ਼ਾਲੀ ਕਰਵਾਉਣ ਦੀ ਮੁਹਿੰਮ ਸ਼ੁਰੂ ਕੀਤੀ। ਸਰਕਾਰ ਨੇ ਇਸ ਮੁਹਿੰਮ ਦੀ ਸ਼ੁਰੂਆਤ 27 ਜਨਵਰੀ ਦੀ ਰਾਤ ਨੂੰ ਬਾਗਪਤ ਤੋਂ ਕੀਤੀ, ਜਿੱਥੇ ਯੂਪੀ ਪੁਲਿਸ ਨੇ ਕਿਸਾਨਾਂ ਦਾ ਇੱਕ ਛੋਟਾ ਧਰਨਾ ਰਾਤੀਂ ਜ਼ਬਰੀ ਚੁੱਕਵਾ ਦਿੱਤਾ। ਹਰਿਆਣਾ @ਚ ਕਰਨਾਲ ਕੋਲ ਕਿਸਾਨਾਂ ਲਈ ਹਰਿਆਣਾ ਦੀ ਸਿੱਖ ਸੰਸਥਾ ਵੱਲੋਂ ਚਲਾਇਆ ਜਾ ਰਿਹਾ ਲੰਗਰ ਬੰਦ ਕਰਵਾ ਦਿੱਤਾ ਗਿਆ।28 ਜਨਵਰੀ ਨੂੰ ਸਿੰਘੂ ਅਤੇ ਟਿਕਰੀ ਉੱਤੇ ਕਿਸਾਨੀ ਧਰਨਿਆਂ ਉੱਤੇ ਕੁਝ ਹਿੰਦੂ ਸੰਗਠਨਾਂ ਦੇ ਕਾਰਕੁਨਾਂ ਨੇ ਪੱਥਰਬਾਜ਼ੀ ਕੀਤੀ, ਇਸ ਵਿਚ ਬਚਾਅ ਲਈ ਅੱਗੇ ਆਏ ਕੁਝ ਕਿਸਾਨਾਂ ਨੂੰ ਹੀ ਹਿਰਾਸਤ @ਚ ਲਿਆ ਗਿਆ।ਗਾਜੀਪੁਰ ਬਾਰਡਰ ਉੱਤੇ ਕਿਸਾਨਾਂ ਨੂੰ ਉਠਾਉਣ ਲਈ ਕਿਸਾਨ ਆਗੂ ਰਾਕੇਸ਼ ਟਿਕੈਤ ਨੂੰ ਗ੍ਰਿਫ਼ਤਾਰ ਕਰਨ ਲਈ ਭਾਰੀ ਗਿਣਤੀ @ਚ ਪੁਲਿਸ ਫੋਰਸ ਪਹੁੰਚੀ।

ਪਰ ਜਦੋਂ ਗ੍ਰਿਫਤਾਰੀ ਦੀ ਸਮਾਂ ਆਇਆ ਤਾਂ ਟਿਕੈਤ ਨੇ ਇਲਜ਼ਾਮ ਲਾਇਆ ਕਿ ਪੁਲਿਸ ਦੀ ਆੜ ਹੇਠ ਦੋ ਭਾਜਪਾ ਵਿਧਾਇਕ ਗੁੰਡਿਆਂ ਨਾਲ ਆਏ ਹਨ ਅਤੇ ਕਿਸਾਨਾਂ, ਖਾਸਕਰ ਸਿੱਖਾਂ ਨੂੰ ਨਿਸ਼ਾਨਾਂ ਬਣਾਉਣ ਦੀ ਕੋਸ਼ਿਸ਼ @ਚ ਹਨ।ਉਨ੍ਹਾਂ ਕਿਹਾ ਕਿ ਜੋ ਵੀ ਹੋਵੇ ਉਹ ਗ੍ਰਿਫ਼ਤਾਰੀ ਨਹੀਂ ਦੇਣਗੇ ਅਤੇ ਕਿਸਾਨਾਂ ਨੂੰ ਛੱਡਕੇ ਨਹੀਂ ਜਾਣਗੇ। ਇਹ ਕਹਿੰਦਿਆਂ ਉਹ ਰੋ ਪਏ ਅਤੇ ਉਨ੍ਹਾਂ ਦੇ ਹੰਝੂ ਦੇਖ ਕੇ ਕੁਝ ਹੀ ਘੰਟਿਆਂ ਵਿਚ ਯੂਪੀ ਅਤੇ ਹਰਿਆਣਾ ਤੋਂ ਕਿਸਾਨ ਗਾਜ਼ੀਪੁਰ ਪਹੁੰਚ ਗਏ।

ਇਸ ਤਰ੍ਹਾਂ ਅੰਦੋਲਨ @ਚ ਮੁੜ ਕੇ ਜਾਨ ਪੈ ਗਈ ਅਤੇ ਅੰਦੋਲਨ ਮੁੜ ਖੜ੍ਹਾ ਹੋ ਗਿਆ।

7. ਕਿਸਾਨ ਪੰਚਾਇਤਾਂ ਅਤੇ ਵੋਟ ਕੀ ਚੋਟ

ਰਾਕੇਸ਼ ਟਿਕੈਤ ਦੇ ਹੰਝੂਆਂ ਦੀ ਘਟਨਾ ਤੋਂ ਬਾਅਦ ਇੱਕ ਵਾਰ ਫੇਰ ਕਿਸਾਨ ਅੰਦੋਲਨ ਜੋਸ਼ ਫੜ੍ਹ ਗਿਆ। ਦਿੱਲੀ ਦੀਆਂ ਸਰਹੱਦਾਂ ਤੋਂ ਇਸ ਨੇ ਪੰਜਾਬ, ਹਰਿਆਣ, ਯੂਪੀ, ਰਾਜਸਥਾਨ, ਮੱਧ ਪ੍ਰਦੇਸ਼ ਸਣੇ ਕਈ ਹੋਰ ਰਾਜਾਂ ਵਿਚ ਕਿਸਾਨ ਪੰਚਾਇਤਾਂ ਦਾ ਸਿਲਸਿਲਾ ਸ਼ੁਰੂ ਹੋਇਆ।

ਇਸ ਨਾਲ ਕਿਸਾਨ ਅੰਦੋਲਨ ਦਿੱਲੀ ਦੇ ਬਾਰਡਰਾਂ ਤੋਂ ਦੇਸ ਵਿਆਪੀ ਜਾਗੋ ਮੁਹਿੰਮ ਵਿਚ ਬਦਲ ਗਈ।

ਇਸੇ ਦੌਰਾਨ ਪੱਛਮੀ ਬੰਗਾਲ ਸਣੇ ਕਈ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਆਇਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੰਗਾਲ ਜਿੱਤਣ ਲ਼ਈ ਆਪਣਾ ਵੱਕਾਰ ਦਾਅ ਉੱਤੇ ਲਾਇਆ ਹੋਇਆ ਸੀ।ਕਿਸਾਨਾਂ ਨਾਲ ਕੋਈ ਗੱਲਬਾਤ ਨਹੀਂ ਹੋ ਰਹੀ ਸੀ। ਕਿਸਾਨਾਂ ਨੇ ਅੰਦੋਲਨ ਤੋਂ ਵੋਟ ਕੀ ਚੋਟ ਮੁਹਿੰਮ ਚਲਾਕੇ ਸੂਬਿਆਂ ਵਿਚ ਭਾਜਪਾ ਖ਼ਿਲਾਫ਼ ਮੁਹਿੰਮ ਚਲਾਈ।

ਭਾਜਪਾ ਨੂੰ ਬੰਗਾਲ ਵਿਚ ਹਾਰ ਦੀ ਮੂੰਹ ਦੇਖਣਾ ਪਿਆ।

ਉੱਧਰ ਕਿਸਾਨ ਮਹਾਪੰਚਾਇਤਾਂ ਨੇ ਸੂਬਿਆਂ ਵਿਚ ਕਿਸਾਨੀ ਅੰਦੋਲਨ ਦੀਆਂ ਜੜ੍ਹਾਂ ਹੋਰ ਗਹਿਰੀਆਂ ਕਰ ਦਿੱਤੀਆਂ।

ਇਸੇ ਤਰ੍ਹਾਂ ਹਰਿਆਣਾ ਅਤੇ ਹਿਮਾਚਲ ਵਿਚ ਭਾਜਪਾ ਦੀਆਂ ਸਰਕਾਰਾਂ ਹੋਣ ਦੇ ਬਾਵਜੂਦ ਕੋਈ ਜ਼ਿਮਨੀ ਸੀਟ ਭਾਜਪਾ ਨਹੀਂ ਜਿੱਤ ਸਕੀ।

8. ਭਾਜਪਾ ਤੇ ਸਾਥੀਆਂ ਦਾ ਵਿਰੋਧ

ਭਾਜਪਾ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਦੇ ਆਗੂਆਂ ਦਾ ਕਿਸਾਨਾਂ ਨੇ ਘਰੋਂ ਨਿਕਲਣਾ ਬੰਦ ਕਰ ਦਿੱਤਾ।

ਵੈਸੇ ਤਾਂ ਮੱਧ ਪ੍ਰਦੇਸ਼ ਵਿਚ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਦੇ ਆਪਣੇ ਹਲਕੇ ਵਿਚ ਹੀ ਵਿਰੋਧ ਹੋਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਕੇਂਦਰੀ ਮੰਤਰੀ ਸੰਜੀਵ ਬਾਲਿਆਨ ਦਾ ਵਿਰੋਧ ਮੀਡੀਆ ਦੀਆਂ ਸੁਰਖੀਆਂ ਬਣੇ।

ਪਰ ਕਰਨਾਲ ਵਿਚ ਹਰਿਆਣ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਉੱਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦਾ ਜੱਦੀ ਹਲਕੇ ਉਚਾਣਾ ਹੈਲੀਕਾਪਟਰ ਨਾ ਉਤਰਣ ਦੇਣਾ ਹਰਿਆਣਾ ਵਿਚ ਭਾਜਪਾ ਆਗੂਆਂ ਦੇ ਤਿੱਖੇ ਵਿਰੋਧ ਦੀਆਂ ਘਟਨਾਵਾਂ ਨੂੰ ਦਿਖਾਉਦਾ ਹੈ।ਪੰਜਾਬ ਵਿਚ ਵੀ ਤੀਕਸ਼ਣ ਸੂਦ ਦੇ ਘਰ ਅੱਗੇ ਗੋਹੇ ਦੀ ਟਰਾਲੀ ਲਾਹਣਾ, ਅਬੋਹਰ ਤੋਂ ਭਾਜਪਾ ਵਿਧਾਇਕ ਅਰੁਣ ਨਾਰੰਗ ਦੇ ਕੱਪੜੇ ਪਾੜਣਾ ਸੂਬੇ ਵਿਚ ਭਾਜਪਾ ਆਗੂਆਂ ਦੇ ਵਿਰੋਧ ਦੀ ਅਹਿਮ ਘਟਨਾਵਾਂ ਹਨ।

ਪੰਜਾਬ @ਚ ਤਾਂ ਕਿਸਾਨਾਂ ਨੇ ਸਾਰੀਆਂ ਹੀ ਸਿਆਸੀ ਪਾਰਟੀਆਂ ਨੂੰ ਘੇਰ-ਘੇਰ ਕੇ ਸਵਾਲ ਪੁੱਛੇ ਅਤੇ ਪਿੰਡਾਂ ਵਿਚੋਂ ਭਜਾਇਆ।

ਪੰਜਾਬ ਦੇ ਇਤਿਹਾਸ @ਚ ਪਹਿਲੀ ਵਾਰ ਸੀ ਕਿ ਕਿਸਾਨਾਂ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਤਲਬ ਕੀਤਾ ਅਤੇ ਚੋਣਾਂ ਦੇ ਐਲਾਨ ਤੱਕ ਚੋਣ ਪ੍ਰਚਾਰ ਬੰਦ ਕਰਨ ਲਈ ਕਿਹਾ।

9. ਲਖੀਮਪੁਰ ਖ਼ੀਰੀ ਹਿੰਸਾ ਕਾਂਡ


ਅਕਤੂਬਰ 3, 2021 ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ @ਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੇਨੀ ਦੇ ਕਾਫ਼ਲੇ ਨੂੰ ਕਾਲੀਆਂ ਝੰਡੀਆਂ ਦਿਖਾਉਣ ਆਏ ਕਿਸਾਨਾਂ ਨੂੰ ਜੀਪ ਥੱਲੇ ਦਰੜ ਦਿੱਤਾ ਗਿਆ।ਇਸ ਘਟਨਾ ਦੌਰਾਨ ਕਿਸਾਨਾਂ ਉੱਤੇ ਕਥਿਤ ਤੌਰ @ਤੇ ਪਿਛਿੱਓ ਗੱਡੀ ਚਾੜ੍ਹ ਦਿੱਤੀ ਗਈ ਅਤੇ 4 ਕਿਸਾਨਾਂ ਅਤੇ ਇੱਕ ਪੱਤਰਕਾਰ ਦੀ ਮੌਤ ਹੋ ਗਈ। ਜਿਸ ਤੋਂ ਬਾਅਦ ਭੜਕੀ ਹਿੰਸਾ ਵਿੱਚ 3 ਭਾਜਪਾ ਵਰਕਰ ਵੀ ਮਾਰੇ ਗਏ।

ਸਰਕਾਰ ਨੇ ਮ੍ਰਿਤਕ ਕਿਸਾਨਾਂ ਨੂੰ 50-50 ਲੱਖ ਮੁਆਵਜ਼ਾ ਰਾਸ਼ੀ, ਪਰਿਵਾਰ ਦੇ ਜੀਅ ਨੂੰ ਸਰਕਾਰੀ ਨੌਕਰੀ ਦਾ ਐਲਾਨ ਕੀਤਾ ਤੇ ਅਜੇ ਮਿਸ਼ਰਾ ਦੇ ਮੁੰਡੇ ਅਸ਼ੀਸ਼ ਮਿਸ਼ਰਾ ਅਤੇ ਉਸਦੇ ਕੁਝ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਕਿਸਾਨ ਅਜੇ ਵੀ ਅਜੇ ਮਿਸ਼ਰਾ ਟੇਨੀ ਨੂੰ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਹਟਾਉਣ ਅਤੇ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਹਨ।10 . ਸਿੰਘੂ ਬਾਰਡਰ ਉੱਤੇ ਨਿੰਹਗਾਂ ਨੇ ਕੀਤਾ ਕਤਲ

16 ਅਕਤੂਰ ਨੂੰ ਸਿੰਘੂ ਬਾਰਡਰ ਉੱਤੇ ਬੈਠੇ ਨਿਹੰਗਾ ਨੇ ਲਖਬੀਰ ਸਿੰਘ ਨਾਂ ਦੇ ਇੱਕ ਵਿਅਕਤੀ ਦਾ ਕਤਲ ਕਰ ਦਿੱਤਾ। ਇਹ ਵਿਅਕਤੀ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ ਸੀ ਅਤੇ ਇਸ ਉੱਤੇ ਨਿਹੰਗ ਛਾਉਣੀ ਉੱਤੇ ਸਰਬਲੋਹ ਗ੍ਰੰਥ ਦੀ ਬੇਅਦਬੀ ਕਰਨ ਦਾ ਇਲਜ਼ਾਮ ਲਾਇਆ ਗਿਆ ।ਹੱਥ ਪੈਰ ਵੱਢ ਕੇ ਕਤਲ ਕੀਤੇ ਗਏ ਲਖਬੀਰ ਦੀ ਲਾਸ਼ ਪੁਲਿਸ ਬੈਰੀਕੇਡ ਨਾਲ ਲਮਕਾਈ ਗਈ ਸੀ । ਸੋਸ਼ਲ ਮੀਡੀਆ @ਤੇ ਇਸ ਘਟਨਾ ਦੇ ਕਈ ਵੀਡੀਓ ਵਾਇਰਲ ਹੋ ਹੋਏ ਹਨ।ਇਸ ਘਟਨਾ ਦਾ ਮੀਡੀਆ ਤੇ ਸੋਸ਼ਲ ਮੀਡੀਆ ਉੱਤੇ ਤਿੱਖਾ ਪ੍ਰਤੀਕਰਮ ਹੋਇਆ ਅਤੇ ਕਿਸਾਨ ਅੰਦੋਲਨ ਦੀ ਬਦਨਾਮੀ ਦਾ ਕਾਰਨ ਬਣਿਆ।

ਇਸ ਦੀ ਜ਼ਿੰਮੇਵਾਰੀ ਚੁੱਕਣ ਵਾਲੇ ਨਿਹੰਗ ਅਮਨ ਸਿੰਘ ਦੀਆਂ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨਾਲ ਤਸਵੀਰਾਂ ਵੀ ਕਾਫ਼ੀ ਵਿਵਾਦ ਦਾ ਕਾਰਨ ਬਣੀਆਂ।



# ਉਮਰ ਦਾ ਨਾਜ਼ੁਕ ਮੋੜ



**ਕਿਰਨਪ੍ਰੀਤ ਕੌਰ**

ਬੱਚਿਆਂ ਵਿਚ ਅੱਲ੍ਹੜਪੁਣਾ (ਕਿਸ਼ੋਰ ਅਵਸਥਾ) 13 ਤੋਂ 19 ਸਾਲ ਦਰਮਿਆਨ ਹੁੰਦੀ ਹੈ। ਇਹ ਉਮਰ ਥੋੜ੍ਹੀ ਕੱਚੀ ਤੇ ਜ਼ਿੰਦਗੀ ਵਿਚ ਬਹੁਤ ਕੁਝ ਸਿੱਖਣ ਦੀ ਹੁੰਦੀ ਹੈ। ਇਸ ਉਮਰ ਲਈ ਗਈ ਸਿੱਖਿਆ ਜ਼ਿੰਦਗੀ ਦੀ ਬੁਨਿਆਦ ਬਣਦੀ ਹੈ ਅਤੇ ਅੱਗੇ ਜਾ ਕੇ ਇਹੀ ਸਾਡੇ ਸੰਸਕਾਰ ਬਣਦੇ ਹਨ। ਸਾਇੰਸ ਦੇ ਪੱਖ ਤੋਂ ਦੇਖੀਏ ਤਾਂ ਇਸ ਉਮਰ ਵਿਚ ਸਾਡੇ ਅੰਦਰ ਕਾਫ਼ੀ ਸਰੀਰਿਕ ਅਤੇ ਮਾਨਸਿਕ ਤਬਦੀਲੀਆਂ ਆਉਂਦੀਆਂ ਹਨ।

ਇਹ ਸਮਾਂ ਜਵਾਨੀ ਦੀ ਸ਼ੁਰੂਆਤ ਦਾ ਹੁੰਦਾ ਹੈ। ਮਾਨਸਿਕ ਪੱਧਰ ’ਤੇ ਬਦਲ ਰਹੇ ਹਾਰਮੋਨ ਸਾਡੇ ਵਿਹਾਰ ’ਤੇ ਗਹਿਰਾ ਅਸਰ ਪਾਉਂਦੇ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਇਸ ਉਮਰ ਵਿਚ ਬੱਚਿਆਂ ਅੰਦਰ ਚਿੜਚਿੜਾਪਣ ਅਤੇ ਗੁੱਸਾ ਵਧੇਰੇ ਹੁੰਦਾ ਹੈ। ਉਨ੍ਹਾਂ ਦਾ ਮਾਪਿਆਂ ਪ੍ਰਤੀ ਲਗਾਅ ਘਟ ਜਾਂਦਾ ਹੈ ਅਤੇ ਦੋਸਤਾਂ ਦੀਆਂ ਗੱਲਾਂ ਵਧੇਰੇ ਪ੍ਰਭਾਵਿਤ ਕਰਦੀਆਂ ਹਨ। ਉਹ ਆਪਣੇ ਅੰਦਰ ਕੁਝ ਪਿਆਰ ਅਤੇ ਸਾਥ ਦੀ ਕਮੀ ਮਹਿਸੂਸ ਕਰਦੇ ਹਨ। ਇਸ ਲਈ ਇਸ ਅਵਸਥਾ ਵਿਚ ਬੱਚਿਆਂ ਦਾ ਗ਼ਲਤ ਰਾਹ ਪੈਣ ਜਾਂ ਗ਼ਲਤ ਸੰਗਤ ਨਾਲ ਜੁੜ ਜਾਣ ਦਾ ਡਰ ਵਧੇਰੇ ਹੋ ਜਾਂਦਾ ਹੈ। ਸਾਡੇ ਘਰਾਂ ਦਾ ਮਾਹੌਲ ਅਤੇ ਮਾਂ ਬਾਪ ਵੱਲੋਂ ਮਿਲ ਰਹੀ ਸਿੱਖਿਆ ਇਸ ਉਮਰ ਵਿਚ ਬੱਚੇ ’ਤੇ ਸਭ ਤੋਂ ਡੂੰਘਾ ਅਸਰ ਪਾਉਂਦੀ ਹੈ ਕਿਉਂਕਿ ਇੱਥੇ ਆ ਕੇ ਹੀ ਬੱਚੇ ਦੀ ਸੋਚ ਦਾ ਆਧਾਰ ਬਣਦਾ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਮਝਣ, ਘਰ ਵਿਚ ਸੋਹਣਾ ਅਤੇ ਸਾਕਾਰਾਤਮਕ ਮਾਹੌਲ ਬਣਾ ਕੇ ਰੱਖਣ। ਬੱਚਿਆਂ ਨੂੰ ਪਿਆਰ ਦਿੱਤਾ ਜਾਏ ਤਾਂ ਕਿ ਉਨ੍ਹਾਂ ਦੇ ਮਨ ਅੰਦਰ ਇਹ ਗੱਲ ਨਾ ਆਏ ਕਿ ਉਨ੍ਹਾਂ ਨੂੰ ਕੋਈ ਸਮਝਣ ਵਾਲਾ ਨਹੀਂ। ਉਨ੍ਹਾਂ ਨੂੰ ਚੰਗੇ ਸੰਸਕਾਰ ਅਤੇ ਸਾਹਿਤ ਨਾਲ ਜੋੜਕੇ ਚੰਗੇ ਇਨਸਾਨ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਅਸੀਂ ਦੇਖਦੇ ਹਾਂ ਕਿ ਜਿਹੜੇ ਮਾਪੇ ਇਸ ਉਮਰ ਵਿਚ ਆਪਣੇ ਬੱਚਿਆਂ ਵੱਲ ਘੱਟ ਧਿਆਨ ਦਿੰਦੇ ਹਨ, ਬੱਚਿਆਂ ਦੇ ਚਿੜਚਿੜੇਪਣ ਅਤੇ ਗੁੱਸੇ ਨੂੰ ਨਾ ਸਮਝਦੇ ਹੋਏ, ਲੜਾਈ ਜਾਂ ਨਾਕਾਰਾਤਮਕ ਮਾਹੌਲ ਨੂੰ ਜਨਮ ਦਿੰਦੇ ਹਨ, ਉਨ੍ਹਾਂ ਬੱਚਿਆਂ ਦਾ ਆਪਣੇ ਘਰ ਪਰਿਵਾਰ ਪ੍ਰਤੀ ਮੋਹ ਟੁੱਟਣ ਲੱਗਦਾ ਹੈ ਅਤੇ ਉਹ ਬਾਹਰ ਦੀ ਬੁਰੀ ਸੰਗਤ ਦਾ ਸ਼ਿਕਾਰ ਹੋ ਜਾਂਦੇ ਹਨ। ਇਹੀ ਕਾਰਨ ਹੈ ਕਿ ਇਸ ਉਮਰ ਵਿੱਚ ਨੌਜਵਾਨ ਵਧੇਰੇ ਨਸ਼ਿਆਂ ਵਿੱਚ ਪੈਂਦੇ ਹਨ। ਕੁੜੀਆਂ ਮੁੰਡੇ ਆਪਸ ਵਿਚ ਪਿਆਰ ਟੋਲਦੇ ਹਨ ਅਤੇ ਕਈ ਗ਼ਲਤ ਕੰਮ ਵੀ ਹੁੰਦੇ ਹਨ। ਮਾਪਿਆਂ ਵੱਲੋਂ ਪਾਲਣ ਪੋਸ਼ਣ ਵਿੱਚ ਕੀਤੀ ਗਈ ਲਾਪਰਵਾਹੀ ਕਾਰਨ ਇਹੋ ਜਿਹੀਆਂ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ, ਪਰ ਇਸ ਵਿੱਚ ਕੇਵਲ ਮਾਪਿਆਂ ਨੂੰ ਹੀ ਨਹੀਂ, ਬੱਚਿਆਂ ਨੂੰ ਵੀ ਖ਼ੁਦ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਣਗੀਆਂ। ਉਨ੍ਹਾਂ ਨੂੰ ਆਪਣੇ ਮਾਪਿਆਂ ਨਾਲ ਹਰ ਗੱਲ ਖੁੱਲ੍ਹ ਕੇ ਕਰਨੀ ਚਾਹੀਦੀ ਹੈ ਅਤੇ ਡਰ ਕੇ ਰਹਿਣ ਨਾਲੋਂ ਆਪਣੀਆਂ ਸਮੱਸਿਆਵਾਂ ਨੂੰ ਘਰਦਿਆਂ ਨਾਲ ਸਾਂਝਾ ਕਰਨਾ ਚਾਹੀਦਾ ਹੈ। ਕੁੜੀਆਂ ਲਈ ਤਾਂ ਇਹ ਗੱਲ ਵਧੇਰੇ ਮਹੱਤਵ ਰੱਖਦੀ ਹੈ। ਅੱਜਕੱਲ੍ਹ ਦੇ ਮਾਹੌਲ ਵਿਚ ਜਿੱਥੇ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ, ਉੱਥੇ ਹੀ ਆਪਣੇ ਘਰ ਵਿਚ ਵੀ ਡਰ ਡਰ ਕੇ ਰਹਿਣ ਲਈ ਮਜਬੂਰ ਹਨ।

ਕਈ ਮਾਪੇ ਬੱਚਿਆਂ ’ਤੇ ਰੋਅਬ ਜ਼ਿਆਦਾ ਰੱਖਦੇ ਹਨ, ਇਸ ਲਈ ਬੱਚੇ ਆਪਣੀ ਸਮੱਸਿਆ ਦੱਸਣ ਤੋਂ ਡਰ ਜਾਂਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਜੇਕਰ ਉਹ ਦੱਸਦੇ ਹਨ ਤਾਂ ਉਨ੍ਹਾਂ ’ਤੇ ਟੋਕਾ-ਟਾਕੀ ਅਤੇ ਪਾਬੰਦੀ ਲੱਗ ਜਾਵੇਗੀ। ਇਸ ਤਰ੍ਹਾਂ ਦੇ ਕੁਝ ਡਰ ਬੱਚਿਆਂ ਨੂੰ ਘਰ ਪਰਿਵਾਰ ਤੋਂ ਦੂਰ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਕਈ ਭੋਲੇ ਭਾਲੇ ਬੱਚੇ ਗ਼ਲਤ ਕੰਮਾਂ ਵਿਚ ਫਸ ਜਾਂਦੇ ਹਨ। ਅੱਜ ਅਸੀਂ ਰੋਜ਼ਾਨਾ ਬਲਾਤਕਾਰ, ਨਸ਼ਿਆਂ ਨਾਲ ਹੋ ਰਹੀਆਂ ਮੌਤਾਂ, ਖ਼ੁਦਕੁਸ਼ੀਆਂ ਆਦਿ ਬਾਰੇ ਪੜ੍ਹਦੇ/ਸੁਣਦੇ ਹਾਂ। ਇਨ੍ਹਾਂ ਦੇ ਬਹੁਤੇ ਕਾਰਨ ਹਨ, ਪਰ ਉਨ੍ਹਾਂ ਵਿਚੋਂ ਇੱਕ ਕਾਰਨ ਮਾਪਿਆਂ ਦੀ ਅਣਗਹਿਲੀ ਕਾਰਨ ਬੱਚਿਆਂ ਦਾ ਬੁਰੀ ਸੰਗਤ ਵਿੱਚ ਪੈਣਾ ਹੈ। ਅਜਿਹੇ ਵਿੱਚ ਪ੍ਰੇਸ਼ਾਨੀਆਂ ਵਧ ਜਾਂਦੀਆਂ ਹਨ। ਚੰਗੇ ਮਾੜੇ ਦੀ ਸਮਝ ਖ਼ਤਮ ਹੋਣ ਲੱਗਦੀ ਹੈ ਅਤੇ ਮਨੁੱਖ ਵਿਕਾਰਾਂ ਨਾਲ ਘਿਰ ਜਾਂਦਾ ਹੈ। ਇਸ ਲਈ ਸਹੀ ਸੋਚ ਤੇ ਚੰਗਾ ਪਾਲਣ ਪੋਸ਼ਣ ਹੋਣਾ ਬਹੁਤ ਜ਼ਰੂਰੀ ਹੈ। ਨੌਜਵਾਨਾਂ ਨੇ ਹੀ ਸਾਡੇ ਸਮਾਜ ਨੂੰ ਸੇਧ ਦੇਣੀ ਹੈ, ਇਸ ਲਈ ਇਨ੍ਹਾਂ ਦੀ ਸੋਚ ਦਾ ਸਹੀ ਅਤੇ ਅਗਾਂਹਵਧੂ ਹੋਣਾ ਬਹੁਤ ਜ਼ਰੂਰੀ ਹੈ। ਆਓ, ਅਸੀਂ ਸਾਰੇ ਹੀ ਆਪਣੀ ਜ਼ਿੰਮੇਵਾਰੀ ਨਿਭਾਈਏ। ਮਾਪੇ ਬੱਚਿਆਂ ਨੂੰ ਚੰਗੀ ਸੋਚ ਦੇਣ ਅਤੇ ਬੱਚੇ ਵੀ ਉਨ੍ਹਾਂ ਦਾ ਆਦਰ ਕਰਕੇ ਚੰਗੇ ਸੰਸਕਾਰ ਅਪਣਾਉਣ ਤਾਂ ਜੋ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ।..



# ਮਨੋਰੰਜਨ ਤੇ ਗਿਆਨ ਦਾ ਸੋਮਾ-ਲੋਕ ਬੁਝਾਰਤਾਂ

**ਸੁਖਦੇਵ ਮਾਦਪੁਰੀ**

ਆਦਿ ਕਾਲ ਤੋਂ ਹੀ ਲੋਕ ਬੁਝਾਰਤਾਂ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਰਹੀਆਂ ਹਨ। ਇਹ ਆਦਿ ਮਨੁੱਖ ਦੇ ਮੁਢਲੇ ਮਨੋਰੰਜਕ ਸਾਧਨ ਹੀ ਨਹੀਂ ਰਹੀਆਂ ਬਲਕਿ ਇਹ ਉਨ੍ਹਾਂ ਦੇ ਵਸਤੂ ਗਿਆਨ ਨੂੰ ਪ੍ਰਚੰਡ ਕਰਨ ਦਾ ਵੀ ਪ੍ਰਮੁੱਖ ਸਾਧਨ ਸਨ। ਜਿਸ ਤਰ੍ਹਾਂ ਲੋਕ ਗੀਤ ਲੋਕ ਮਾਨਸ ਦੇ ਮਨੋਭਾਵ ਪ੍ਰਗਟਾਉਣ ਲਈ ਆਪਣਾ ਪ੍ਰਮੁੱਖ ਸਥਾਨ ਰੱਖਦੇ ਹਨ, ਉਸੇ ਤਰ੍ਹਾਂ ਲੋਕ ਬੁਝਾਰਤਾਂ ਵੀ ਲੋਕ ਬੁੱਧੀ ਦਾ ਚਮਤਕਾਰ ਦਿਖਾਉਣ ਲਈ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਹ ਲੋਕ ਸਾਹਿਤ ਦੇ ਮੁਢਲੇ ਰੂਪਾਂ ਵਿੱਚੋਂ ਪ੍ਰਮੁੱਖ ਹਨ ਤੇ ਇਨ੍ਹਾਂ ਦੀ ਧਾਰਾ ਸਦੀਆਂ ਤੋਂ ਵਹਿੰਦੀ ਆ ਰਹੀ ਹੈ।

ਬੁਝਾਰਤਾਂ ਦਾ ਇਤਿਹਾਸ, ਮਨੁੱਖੀ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਅਤੇ ਭਾਸ਼ਾਵਾਂ ਵਿੱਚ ਉਪਲੱਬਧ ਹਨ। ਬੁਝਾਰਤਾਂ ਨੂੰ ਅੰਗਰੇਜ਼ੀ ਵਿੱਚ ਰਿਡਲ, ਫ਼ਰਾਂਸੀਸੀ ਵਿੱਚ ਡੈਵਨੰਟੀ, ਲਾਤੀਨੀ ਭਾਸ਼ਾ ਵਿੱਚ ਐਨੀਗਮਾ, ਜਰਮਨ ਵਿੱਚ ਰਤੀਜ਼ਲ, ਚੀਨੀ ਵਿੱਚ ਮੀ ਯੂ, ਉਰਦੂ ਤੇ ਹਿੰਦੀ ਵਿੱਚ ਪਹੇਲੀ, ਸਿੰਧੀ ਵਿੱਚ ਗਝਾਰਤ, ਪਸ਼ਤੋ ਵਿੱਚ ਅੜ, ਬੰਗਾਲੀ ਵਿੱਚ ਧਾਂਦਾ, ਸੰਸਕ੍ਰਿਤ ਵਿੱਚ ਪ੍ਰਹੇਲਕਾ, ਫਾਰਸੀ ਵਿੱਚ ਚੀਸਤਾਂ, ਅਰਬੀ ਵਿੱਚ ਲਗਜ਼ ਅਤੇ ਪੰਜਾਬੀ ਵਿੱਚ ਬੁਝਾਰਤ ਅਤੇ ਬਾਤਾਂ ਆਖਦੇ ਹਨ। ਮੁਦਾਵਣੀ, ਬੁਝੌਵਲ, ਬੁਝੱਕਾ ਅਤੇ ਬਤੌਲੀ ਆਦਿ ਪੰਜਾਬ ਦੀਆਂ ਸਥਾਨਕ ਬੋਲੀਆਂ ਵਿੱਚ ਬੁਝਾਰਤਾਂ ਦੇ ਪ੍ਰਚਲਿਤ ਨਾਂ ਹਨ।

ਬੁਝਾਰਤਾਂ ਸਾਰੇ ਸੰਸਾਰ ਦੀਆਂ ਕੌਮਾਂ ਦਾ ਵਡਮੁੱਲਾ ਤੇ ਕੌਮੀ ਵਿਰਸਾ ਹਨ ਜਿਨ੍ਹਾਂ ’ਤੇ ਸਾਰੀਆਂ ਕੌਮਾਂ ਮਾਣ ਕਰਦੀਆਂ ਹਨ। ਇਨ੍ਹਾਂ ਦੇ ਸਾਹਿਤਕ, ਇਤਿਹਾਸਕ ਅਤੇ ਸਭਿਆਚਾਰਕ ਮਹੱਤਵ ਨੂੰ ਮੁੱਖ ਰੱਖਦਿਆਂ ਵਿਦਵਾਨਾਂ ਵੱਲੋਂ ਬੁਝਾਰਤਾਂ ਦੇ ਸੰਗ੍ਰਹਿ ਕਰਨ ਦੇ ਯਤਨ ਆਰੰਭੇ ਗਏ। ਯੂਨਾਨੀ ਵਿਦਵਾਨਾਂ ਨੇ ਸਭ ਤੋਂ ਪਹਿਲਾਂ ‘ਡੀਮਾਂਡ ਜਵਾਈਸ’ ਨਾਂ ਦਾ ਯੂਨਾਨੀ ਬੁਝਾਰਤਾਂ ਦਾ ਸੰਗ੍ਰਹਿ 1151 ਵਿੱਚ ਤਿਆਰ ਕੀਤਾ। ਗਿਲਜ਼ ਬੇਜ਼ ਦੇ ਯਤਨਾਂ ਸਦਕਾ 1852 ਵਿੱਚ ਫਰਾਂਸੀਸੀ ਬੁਝਾਰਤਾਂ ਦਾ ਸੰਗ੍ਰਹਿ ਪ੍ਰਕਾਸ਼ਿਤ ਹੋਇਆ। ਇਸੇ ਪ੍ਰਕਾਰ ਅਰਬੀ ਭਾਸ਼ਾ ਵਿੱਚ ਵੀ ਬੁਝਾਰਤਾਂ ਦੇ ਕਈ ਸੰਗ੍ਰਹਿ ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿੱਚੋਂ ਅਬੂ ਅੱਲਾ ਮਹੱਰਰੀ ਨੇ ‘ਅਕੀਦ ਅਲਗਿਆਤ’ ਨਾਂ ਦਾ ਅਰਬੀ ਬੁਝਾਰਤਾਂ ਦਾ ਸੰਗ੍ਰਹਿ ਚੌਥੀ ਪੰਜਵੀ ਹਿਜਰੀ ਵਿੱਚ ਤਿਆਰ ਕੀਤਾ ਸੀ। ਅਸਚਰਜਤਾ, ਅਦਭੁੱਤਤਾ ਅਤੇ ਹਾਸਰਸ ਵਿੱਚ ਗਲੇਫੀਆਂ ਇਹ ਬੁਝਾਰਤਾਂ ਸੰਸਾਰ ਦੇ ਕੋਨੇ-ਕੋਨੇ ਵਿੱਚ ਫੈਲੀਆਂ ਹੋਈਆਂ ਹਨ ਅਤੇ ਸੰਸਾਰ ਭਰ ਦੇ ਲੋਕਾਂ ਦੇ ਮਨੋਰੰਜਨੀ ਸਾਹਿਤ ਦਾ ਅਨਮੋਲ ਖ਼ਜ਼ਾਨਾ ਹਨ। ਐਡਨਬਰਾ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਜਾਰਜ ਕਰਿਸਟਲ ਬੁਝਾਰਤਾਂ ਨੂੰ ਦੁਨੀਆਂ ਦਾ ਸਭ ਤੋਂ ਪੁਰਾਤਨ ਹਾਸਰਸ ਸਾਧਨ ਮੰਨਦਾ ਹੈ। ਭਾਰਤ ਵਿੱਚ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਇਹ ਨਿਆਣਿਆਂ ਅਤੇ ਸਿਆਣਿਆਂ ਦੇ ਬੁੱਧੀ ਸੰਗਰਾਮ ਦੇ ਸਾਂਝੇ ਅਖਾੜੇ ਦੇ ਰੂਪ ਵਿੱਚ ਪ੍ਰਚਲਿਤ ਰਹੀਆਂ ਹਨ। ਮੌਖਿਕ ਰੂਪ ਵਿੱਚ ਇਹ ਪੀੜ੍ਹੀਓ ਪੀੜ੍ਹੀ ਸਾਡੇ ਤੀਕ ਪੁੱਜਦੀਆਂ ਹਨ। ਜਿੱਥੋਂ ਤਕ ਲਿਖਤੀ ਸਾਹਿਤ ਵਿੱਚ ਬੁਝਾਰਤਾਂ ਪਾਉਣ ਦੀ ਪਰੰਪਰਾ ਦਾ ਸਵਾਲ ਹੈ ਤਾਂ ਵੈਦਿਕ ਕਾਲ ਵਿੱਚ ਇਹ ਪਰੰਪਰਾ ਵਿਖਾਈ ਦਿੰਦੀ ਹੈ। ਰਿਗਵੇਦ ਵਿੱਚ ਆਤਮਾ ਪਰਮਾਤਮਾ ਦੇ ਸਰੂਪ ਸਬੰਧੀ ਵਿਸ਼ਲੇਸ਼ਣ ਕਰਨ ਵਾਲੇ ਰੂਪਆਤਮਕ ਢੰਗ ਨਾਲ ਆਏ ਮੰਤਰ ਬੁਝਾਰਤ ਨਾਲੋਂ ਘੱਟ ਕੌਤਕ ਪੂਰਨ ਨਹੀਂ। ਪੰਜਾਬੀ ਦੇ ਲਿਖਤੀ ਸਾਹਿਤ ਵਿੱਚ ਬੁਝਾਰਤਾਂ ਦਾ ਸਭ ਤੋਂ ਪੁਰਾਣਾ ਜ਼ਿਕਰ ਸ਼ਾਇਦ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦਾ ਹੈ।

ਬਾਈਬਲ ਵਿੱਚ ਵੀ ਬੁਝਾਰਤਾਂ ਪਾਉਣ ਦਾ ਵਰਣਨ ਆਉਂਦਾ ਹੈ। ਪੁਰਾਣੇ ਕਬੀਲਿਆਂ ਵਿੱਚ ਹੁਣ ਤਕ ਬੁਝਾਰਤਾਂ ਪਾਉਣ ਦਾ ਰਿਵਾਜ ਚੱਲਿਆ ਆ ਰਿਹਾ ਹੈ। ਭਾਰਤ ਦੇ ਆਦਿਵਾਸੀ ਕਬੀਲਿਆਂ ਵਿੱਚੋਂ ਗੌਂਡ, ਪਰਧਾਨ ਤੇ ਬ੍ਰਿਹੋਰ ਜਾਤੀਆਂ ਦੇ ਵਿਆਹਾਂ ਸਮੇਂ ਲਾੜੇ ਪਾਸੋਂ ਬੁਝਾਰਤ ਪੁੱਛਣੀ ਇੱਕ ਲਾਜ਼ਮੀ ਰਸਮ ਹੈ। ਪੰਜਾਬ ਵਿੱਚ ਵੀ ਵਿਆਹ ਸਮੇਂ ਲਾੜੇ ਦੀਆਂ ਸਾਲੀਆਂ ਉਸ ਪਾਸੋਂ ‘ਛੰਦ ਪਰਾਗੇ ਆਈਏ ਜਾਈਏ’ ਦੀ ਰਸਮ ਸਮੇਂ ਛੰਦ ਸੁਣ ਕੇ ਹਾਸੇ ਠੱਠ ਦਾ ਮਾਹੌਲ ਸਿਰਜਦੀਆਂ ਹਨ।

ਪੁਰਾਤਨ ਸਮੇਂ ਤੋਂ ਹੀ ਬੁਝਾਰਤਾਂ ਕਿਸੇ ਗੰਭੀਰ ਉਦੇਸ਼ ਦੀ ਪੂਰਤੀ ਕਰਦੀਆਂ ਰਹੀਆਂ ਹਨ। ਬੁਝਾਰਤਾਂ ਬੁੱਝਣ ਦਾ ਮਕਸਦ ਬੁੱਝਣ ਵਾਲੇ ਦੀ ਬੁੱਧੀ ਦੀ ਪ੍ਰੀਖਿਆ ਲੈਣਾ ਹੈ। ਪੰਜਾਬ ਦੀਆਂ ਅਨੇਕਾਂ ਲੋਕ ਕਹਾਣੀਆਂ ਵਿੱਚ ਸ਼ਹਿਜ਼ਾਦੀਆਂ ਰਾਜਕੁਮਾਰਾਂ ਪਾਸੋਂ ਉਨ੍ਹਾਂ ਦੀ ਬੁੱਧੀ ਪ੍ਰੀਖਿਆ ਲੈਣ ਲਈ ਬੁਝਾਰਤਾਂ ਪੁੱਛਦੀਆਂ ਹਨ ਤੇ ਜਿਹੜਾ ਬੁੱਝ ਲਵੇ ਉਹਦੇ ਨਾਲ ਵਿਆਹ ਕਰਵਾ ਲੈਂਦੀਆਂ ਹਨ ਅਤੇ ਜੋ ਨਾ ਬੁੱਝ ਸਕੇ ਤਾਂ ਉਸ ਨੂੰ ਮੌਤ ਤਕ ਦੀ ਸਜ਼ਾ ਦਿੱਤੀ ਜਾਂਦੀ ਹੈ।

ਪੰਜਾਬੀ ਬੁਝਾਰਤਾਂ ਪੰਜਾਬੀ ਲੋਕ ਸਾਹਿਤ ਦਾ ਵਿਸ਼ੇਸ਼ ਅਤੇ ਮਹੱਤਵਪੂਰਨ ਅੰਗ ਹਨ। ਪੰਜਾਬ ਦੇ ਲੋਕ ਬੁਝਾਰਤਾਂ ਪਾ ਕੇ ਅਤੇ ਬੁੱਝ ਕੇ ਸਦਾ ਹੀ ਆਨੰਦ ਮਾਣਦੇ ਰਹੇ ਹਨ। ਬੁਝਾਰਤਾਂ ਨੂੰ ਬੁੱਝਣ ਵਾਲੀਆਂ ਬਾਤਾਂ ਵੀ ਕਿਹਾ ਜਾਂਦਾ ਹੈ। ਕੇਵਲ ਬਾਲਕ ਹੀ ਬਾਤਾਂ ਪਾਉਣ ਅਤੇ ਬੁੱਝਣ ਦੀ ਖ਼ੁਸ਼ੀ ਹਾਸਲ ਨਹੀਂ ਸੀ ਕਰਦੇ ਬਲਕਿ ਸਿਆਣੇ ਵੀ ਇਨ੍ਹਾਂ ਵਿੱਚ ਦਿਲਚਸਪੀ ਲੈਂਦੇ ਰਹੇ ਹਨ। ਇਹ ਨਿਆਣਿਆਂ ਸਿਆਣਿਆਂ ਦੇ ਬੁੱਧੀ ਸੰਗ੍ਰਾਮ ਦਾ ਸਾਂਝਾ ਅਖਾੜਾ ਰਹੀਆਂ ਹਨ ਜਿਸ ਵਿੱਚ ਵੱਡੇ-ਵੱਡੇ ਸਿਆਣਿਆਂ ਨੂੰ ਵੀ ਮਿੱਠੀਆਂ ਹਾਰਾਂ ਝੱਲਣੀਆਂ ਪੈਂਦੀਆਂ ਸਨ।

ਪੰਜਾਬੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਬੁਝਾਰਤਾਂ ਮਿਲਦੀਆਂ ਹਨ। ਇਨ੍ਹਾਂ ਵਿੱਚ ਪੰਜਾਬ ਦਾ ਲੋਕ ਜੀਵਨ ਸਾਫ਼ ਨਜ਼ਰ ਆਉਂਦਾ ਹੈ। ਇਹ ਪੰਜਾਬੀ ਸਭਿਆਚਾਰ ਦਾ ਦਰਪਣ ਹਨ। ਇਹ ਐਨੀਆਂ ਸੁਹਜ ਭਰਪੂਰ, ਅਦਭੁੱਤ, ਰਸੀਲੀਆਂ ਅਤੇ ਵੰਨ ਸੁਵੰਨੀਆਂ ਹਨ ਕਿ ਸ਼ਾਇਦ ਹੀ ਕੋਈ ਅਜਿਹਾ ਵਿਸ਼ਾ ਹੋਵੇ ਜਿਸ ਬਾਰੇ ਪੰਜਾਬੀ ਵਿੱਚ ਬੁਝਾਰਤਾਂ ਨਾ ਹੋਣ। ਮਨੁੱਖੀ ਸਰੀਰ ਦੇ ਅੰਗਾਂ, ਪ੍ਰਕਿਰਤੀ, ਬਨਸਪਤੀ, ਜੀਵ ਜੰਤੂਆਂ, ਘਰੇਲੂ ਵਸਤਾਂ, ਭਿੰਨ-ਭਿੰਨ ਧੰਦਿਆਂ ਨਾਲ ਸਬੰਧਤ, ਸੰਦਾਂ ਅਤੇ ਵਿਗਿਆਨਕ ਕਾਢਾਂ ਬਾਰੇ ਬੜੀਆਂ ਪਿਆਰੀਆਂ ਤੇ ਸੁਹਜ ਭਰਪੂਰ ਬੁਝਾਰਤਾਂ ਪਾਈਆਂ ਜਾਂਦੀਆਂ ਹਨ।

ਪੰਜਾਬੀ ਬੁਝਾਰਤਾਂ ਸਾਹਿਤ, ਇਤਿਹਾਸ, ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਨ੍ਹਾਂ ਵਿੱਚ ਸਦੀਆਂ ਪੁਰਾਣੇ ਪੰਜਾਬ ਦੇ ਇਤਿਹਾਸਕ ਅਤੇ ਸਭਿਆਚਾਰਕ ਤੱਤ ਸਮੋਏ ਹੋਏ ਹਨ। ਵਿਗਿਆਨ ਦੀ ਪ੍ਰਗਤੀ ਦੇ ਕਾਰਨ ਮਨੋਰੰਜਨ ਦੇ ਸਾਧਨ ਤਬਦੀਲ ਹੋ ਗਏ ਹਨ। ਬਿਜਲਈ ਉਪਕਰਨਾਂ ਨੇ ਤਾਂ ਇਸ ਖੇਤਰ ਵਿੱਚ ਬਹੁਤ ਪ੍ਰਭਾਵ ਪਾਇਆ ਹੈ। ਰੇਡੀਓ, ਟੈਲੀਵਿਜ਼ਨ, ਮੋਬਾਈਲ ਅਤੇ ਕੇਬਲ ਕਲਚਰ ਨੇ ਸਮੂਹਿਕ ਤੌਰ ’ਤੇ ਮਾਣੇ ਜਾਂਦੇ ਮਨੋਰੰਜਨ ਦੇ ਸਾਧਨ ਕਿਸੇ ਹੱਦ ਤਕ ਸਮਾਪਤ ਹੀ ਕਰ ਦਿੱਤੇ ਹਨ ਜਿਸ ਕਾਰਨ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਖ਼ਤਮ ਹੋ ਰਹੀ ਹੈ। ਇਸ ਲਈ ਇਨ੍ਹਾਂ ਨੂੰ ਸਾਂਭਣ ਦੀ ਅਤਿਅੰਤ ਲੋੜ ਹੈ। ਇਹ ਸਾਡੀ ਵਿਰਾਸਤ ਦਾ ਵਡਮੁੱਲਾ ਸਰਮਾਇਆ ਹਨ।



# ਧੰਨੁ-ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥

ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ। ਆਪ ਜੀ ਵੱਲੋਂ ਗੁਰੂ ਨਾਨਕ ਸਾਹਿਬ ਦੇ ਉਸਾਰੇ ਸਿੱਖੀ ਦੇ ਮਹਿਲ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੇ ਜੀਵਨ-ਕਾਲ ਦੌਰਾਨ ਪਾਇਆ ਯੋਗਦਾਨ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ। ਆਪ ਜੀ ਨੇ ਆਪਣੇ ਪਵਿੱਤਰ ਵਿਹਾਰਕ ਜੀਵਨ ਰਾਹੀਂ ਜੋ ਕਾਰਜ ਕੀਤੇ ਉਹ ਸਿੱਖੀ ਜੀਵਨ ਦਾ ਆਦਰਸ਼ ਬਣ ਕੇ ਸਾਹਮਣੇ ਆਏ। ਗੁਰੂ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਦੇ ਬਚਪਨ ਤੋਂ ਲੈ ਕੇ ਗੁਰਿਆਈ ਅਤੇ ਗੁਰਿਆਈ ਤੋਂ ਲੈ ਕੇ ਜੋਤੀ-ਜੋਤ ਸਮਾਉਣ ਤਕ, ਡੂੰਘੇ ਅਧਿਐਨ ਦਾ ਵਿਸ਼ਾ ਹੈ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਨਿਮਰਤਾ, ਨਿਰਮਾਣਤਾ, ਸਬਰ-ਸੰਤੋਖ, ਸੇਵਾ, ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਆਦਿ ਅਨੇਕਾਂ ਹੀ ਗੁਣਾਂ ਕਾਰਨ ਉਨ੍ਹਾਂ ਨੂੰ ਗੁਰਿਆਈ ਦੀ ਦਾਤ ਬਖਸ਼ੀ ਜਿਸ ਸਦਕਾ ਸ੍ਰੀ ਗੁਰੂ ਰਾਮਦਾਸ ਜੀ ਗੁਰੂ ਨਾਨਕ ਸਾਹਿਬ ਦੀ ਇਲਾਹੀ ਜੋਤ ਦੇ ਧਾਰਨੀ ਬਣੇ। ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਰਾਵੀ ਦਰਿਆ ਦੇ ਕੰਢੇ ਵੱਸੇ ਲਾਹੌਰ ਸ਼ਹਿਰ (ਪਾਕਿਸਤਾਨ) ਵਿਚ 24 ਸਤੰਬਰ, 1534 ਈ. ਨੂੰ ਭਾਈ ਹਰਿਦਾਸ ਜੀ ਸੋਢੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਚੂਨੀ ਮੰਡੀ ਦੇ ਇਲਾਕੇ ਵਿਚ ਹੋਇਆ। ਘਰ ਵਿਚ ਪਹਿਲੀ ਸੰਤਾਨ ਹੋਣ ਕਰਕੇ ਆਪ ਜੀ ਦਾ ਪਹਿਲਾ ਨਾਮ ਭਾਈ ਜੇਠਾ ਜੀ ਸੀ। ਸੋਢੀ ਵੰਸ਼ ਦੇ ਬਹੁਤ ਸਾਰੇ ਪਰਿਵਾਰ ਉਸ ਸਮੇਂ ਕਈਆਂ ਸਥਾਨਾਂ ਤੋਂ ਲਾਹੌਰ ਆ ਕੇ ਵੱਸੇ ਹੋਏ ਸਨ। ਭਾਈ ਜੇਠਾ ਜੀ ਹਾਲੇ ਕੋਈ ਸੱਤ ਕੁ ਸਾਲ ਦੀ ਉਮਰ ਦੇ ਹੀ ਸਨ ਕਿ ਆਪ ਜੀ ਦੇ ਮਾਤਾ ਤੇ ਪਿਤਾ ਜੀ ਚਲਾਣਾ ਕਰ ਗਏ। ਜਿਸ ਕਾਰਨ ਆਪ ਜੀ ਦੇ ਨਾਨੀ ਜੀ ਜੋ ਕਿ ਬਾਸਰਕੇ ਪਿੰਡ ਵਿਖੇ ਰਹਿੰਦੇ ਸਨ, ਆਪ ਜੀ ਕੋਲ ਲਾਹੌਰ ਆ ਗਏ। ਮਾਤਾ-ਪਿਤਾ ਦੇ ਗੁਜ਼ਰ ਜਾਣ ਪਿੱਛੋਂ ਦਾਦਕੇ ਪਰਿਵਾਰ ਅਤੇ ਰਿਸ਼ਤੇਦਾਰੀ ਵਿੱਚੋਂ ਆਪ ਜੀ ਦੇ ਪਾਲਣ-ਪੋਸ਼ਣ ਅਤੇ ਦੇਖਭਾਲ ਲਈ ਕੋਈ ਵੀ ਅੱਗੇ ਨਾ ਆਇਆ, ਪਰ ਉਸ ਸਮੇਂ ਇਹ ਕੌਣ ਜਾਣਦਾ ਸੀ ਕਿ ਯਤੀਮ ਹੋਇਆ ਇਹ ਬਾਲਕ (ਭਾਈ ਜੇਠਾ ਜੀ) ਆਪਣੇ ਗੁਣਾਂ ਕਰਕੇ 'ਸੋਢੀ ਪਾਤਸ਼ਾਹ' ਕਹਾਵੇਗਾ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤ ਦਾ ਧਾਰਨੀ ਬਣ ਕੇ ਕੁੱਲ ਲੋਕਾਈ ਦਾ ਆਸਰਾ ਬਣੇਗਾ। ਜਦ ਕਿਸੇ ਵੀ ਰਿਸ਼ਤੇਦਾਰ ਨੇ ਭਾਈ ਜੇਠਾ ਜੀ ਦੀ ਜ਼ਿੰਮੇਵਾਰੀ ਨਾ ਚੁੱਕੀ ਤਾਂ ਆਪ ਦੀ ਨਾਨੀ ਆਪ ਜੀ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਇੱਥੇ ਬਾਸਰਕੇ ਵਿਖੇ ਰਹਿੰਦਿਆਂ ਹੋਇਆਂ ਆਪ ਨੇ ਘੁੰਗਣੀਆਂ ਵੇਚਣ ਦੀ ਕਿਰਤ ਅਰੰਭ ਕਰ ਦਿੱਤੀ। ਆਪ ਜੀ ਥੱਕੇ-ਟੁੱਟੇ ਰਾਹੀਆਂ ਨੂੰ ਘੁੰਗਣੀਆਂ ਵੇਚਦੇ ਅਤੇ ਲੋੜਵੰਦਾਂ ਨੂੰ ਬਿਨਾ ਕੋਈ ਪੈਸਾ ਲਏ ਵੀ ਛਕਾ ਦਿੰਦੇ। ਭਾਈ ਜੇਠਾ ਜੀ ਆਪਣੇ ਜਿਸ ਨਾਨਕੇ ਪਿੰਡ ਬਾਸਰਕੇ ਵਿਖੇ ਰਹਿ ਕੇ ਘੁੰਗਣੀਆਂ ਵੇਚਣ ਦੀ ਕਿਰਤ ਕਰਦੇ ਸਨ, ਉਹੀ ਪਿੰਡ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ-ਅਸਥਾਨ ਵੀ ਸੀ। ਜਦੋਂ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਂ ਗਏ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣਾ ਪੱਕਾ ਵਸੇਬਾ ਸ੍ਰੀ ਗੋਇੰਦਵਾਲ ਸਾਹਿਬ ਕਰ ਲਿਆ। ਗੋਇੰਦਵਾਲ ਸਾਹਿਬ ਨਗਰ ਦੀ ਵਡਿਆਈ ਦੂਰ-ਦੂਰ ਤਕ ਫੈਲ ਚੁੱਕੀ ਸੀ। ਸੰਗਤਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਦੂਰੋਂ ਦੂਰੋਂ ਗੋਇੰਦਵਾਲ ਸਾਹਿਬ ਆਉਣ ਲੱਗੀਆਂ। ਇਕ ਦਿਨ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਬਾਸਰਕੇ ਤੋਂ ਸੰਗਤਾਂ ਦੇ ਨਾਲ ਗੁਰੂ ਜੀ ਦੇ ਦਰਬਾਰ ਵੱਲ ਤੁਰ ਪਏ। ਸੰਗਤ ਨਾਲ ਆਏ ਭਾਈ ਜੇਠਾ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਰਹਿਣ ਦਾ ਪੱਕਾ ਵਿਚਾਰ ਬਣਾ ਲਿਆ। ਭਾਈ ਜੇਠਾ ਜੀ ਗੋਇੰਦਵਾਲ ਸਾਹਿਬ ਵਿਖੇ ਰਹਿੰਦਿਆਂ ਹੋਇਆਂ ਸ੍ਰੀ ਗੁਰੂ ਅਮਰਦਾਸ ਜੀ ਅਤੇ ਸੰਗਤਾਂ ਦੀ ਸੇਵਾ ਵਿਚ ਜੁੱਟ ਗਏ। ਇੱਥੇ ਸੰਗਤ ਦੀ ਸੇਵਾ ਕਰ ਕੇ ਵੀ ਆਪ ਜੀ ਨੇ ਆਪਣੇ ਗੁਜ਼ਾਰਾ ਕਿਰਤ ਕਰ ਕੇ ਭਾਵ ਘੁੰਗਣੀਆਂ ਵੇਚ ਕੇ ਹੀ ਕੀਤਾ।

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ ਸਨ। ਵੱਡੀ ਸਪੁੱਤਰੀ ਬੀਬੀ ਦਾਨੀ ਜੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋ ਗਿਆ ਸੀ ਜਦਕਿ ਛੋਟੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਅਜੇ ਹੋਣਾ ਸੀ। ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਦੀ ਸੁਪਤਨੀ ਮਾਤਾ ਰਾਮ ਕੌਰ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੀਬੀ ਭਾਨੀ ਜੀ ਦੇ ਵਿਆਹ ਦਾ ਜ਼ਿਕਰ ਕੀਤਾ ਤਾਂ ਉਸ ਸਮੇਂ ਮਾਤਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਛਣ 'ਤੇ ਭਾਈ ਜੇਠਾ ਜੀ ਦੀ ਸ਼ਖ਼ਸੀਅਤ ਵਰਗਾ ਵਰ ਲੱਭਣ ਲਈ ਆਖਿਆ। ਸ੍ਰੀ ਗੁਰੂ ਅਮਰਦਾਸ ਜੀ ਤਾਂ ਭਾਈ ਜੇਠਾ ਜੀ ਦੀ ਸ਼ਖ਼ਸੀਅਤ ਤੋਂ ਪਹਿਲਾਂ ਹੀ ਬਹੁਤ ਪ੍ਰਭਾਵਿਤ ਸਨ। ਭਾਈ ਜੇਠਾ ਜੀ ਦੀ ਅਦੁੱਤੀ ਸੇਵਾ ਅਤੇ ਨਿਮਰਤਾ ਭਾਵਨਾ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਪਹਿਲਾਂ ਤੋਂ ਹੀ ਮੋਹਿਆ ਹੋਇਆ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਅੰਦਰ ਗੁਣਾਂ ਦਾ ਖਜ਼ਾਨਾ ਹੋਣ ਕਾਰਨ ਉਨ੍ਹਾਂ ਨੂੰ ਹੀ ਬੀਬੀ ਭਾਨੀ ਜੀ ਵਾਸਤੇ ਯੋਗ ਵਰ ਚੁਣ ਲਿਆ ਅਤੇ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਭਾਈ ਜੇਠਾ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖ ਤੋਂ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਹੋਇਆ। ਜਿਨ੍ਹਾਂ ਦੇ ਨਾਂ ਪ੍ਰਿਥੀ ਚੰਦ, ਮਹਾਂਦੇਵ, ਅਤੇ ਸ੍ਰੀ (ਗੁਰੂ) ਅਰਜਨ ਦੇਵ ਰੱਖੇ ਗਏ।

ਭਾਈ ਜੇਠਾ ਜੀ ਵਿਆਹ ਤੋਂ ਬਾਅਦ ਵੀ ਤਨ ਅਤੇ ਮਨ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਲੱਗੇ ਰਹੇ। ਗੁਰੂ ਜੀ ਦੀ ਸੇਵਾ ਦੇ ਨਾਲ-ਨਾਲ ਉਹ ਸਾਧ-ਸੰਗਤ ਦੀ ਵੀ ਅਥਾਹ ਸੇਵਾ ਕਰਦੇ। ਭਾਈ ਜੇਠਾ ਜੀ ਗੁਰੂ ਜੀ ਨਾਲ ਸੰਸਾਰਕ ਰਿਸ਼ਤੇਦਾਰੀ ਤੋਂ ਉਚੇਰੇ ਉੱਠ ਕੇ ਗੁਰੂ ਅਤੇ ਗੁਰੂ-ਘਰ ਦੀ ਸੇਵਾ-ਘਾਲ ਵਿਚ ਨਿਰੰਤਰ ਜੁਟੇ ਰਹਿੰਦੇ। ਸ੍ਰੀ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੀ ਅਣਥੱਕ ਸੇਵਾ ਵੇਖ ਕੇ ਬਹੁਤ ਹੀ ਪ੍ਰਸੰਨ ਹੁੰਦੇ ਸਨ। ਗੋਇੰਦਵਾਲ ਸਾਹਿਬ ਵਿਖੇ ਜਦ ਸ੍ਰੀ ਗੁਰੂ ਅਮਰਦਾਸ ਜੀ ਨੇ 'ਬਾਉਲੀ' ਦੇ ਨਿਰਮਾਣ ਦੀ ਤਿਆਰੀ ਅਰੰਭੀ ਤਾਂ ਭਾਈ ਜੇਠਾ ਨੇ ਇਸ ਦਾ ਸਾਰਾ ਕਾਰਜ ਸੰਭਾਲਿਆ। ਭਾਈ ਜੇਠਾ ਜੀ ਕਾਰ-ਸੇਵਾ ਕਰਦੀਆਂ ਸੰਗਤਾਂ ਦੇ ਨਾਲ ਖੁਦ ਟੋਕਰੀ ਢੋਇਆ ਕਰਦੇ ਸਨ। ਇਹ ਦੇਖ ਕੇ ਲਾਹੌਰ ਆਏ ਭਾਈ ਜੇਠਾ ਜੀ ਦੇ ਸ਼ਰੀਕੇ ਦੇ ਕੁਝ ਸੱਜਣ ਉਨ੍ਹਾਂ ਨੂੰ ਸਹੁਰੇ-ਘਰ ਟੋਕਰੀ ਢੌਂਦਿਆਂ ਦੇਖ ਕੇ ਬੁਰਾ ਮਨਾਉਣ ਲੱਗੇ ਤਾਂ ਭਾਈ ਜੇਠਾ ਜੀ ਨੇ ਉਨ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਾ ਦਿੰਦੇ ਹੋਏ ਗੁਰੂ ਪ੍ਰਤੀ ਆਪਣੀ ਅਥਾਹ ਸ਼ਰਧਾ-ਭਾਵਨਾ ਪ੍ਰਗਟ ਕੀਤੀ ਜੋ ਕਿ ਅਤਿ ਦੀ ਨਿਮਰਤਾ ਦੀ ਮਿਸਾਲ ਹੈ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਾ ਜੀ ਅਤੇ ਭਾਈ ਜੇਠਾ ਜੀ ਦੀ 'ਥੜ੍ਹੇ' ਬਣਾਉਣ ਦੀ ਪ੍ਰੀਖਿਆ ਲਈ ਜਿਸ ਵਿਚ ਭਾਈ ਜੇਠਾ ਜੀ ਸ਼ਰਧਾ, ਗੁਰੂ-ਪ੍ਰੇਮ, ਸਿਦਕ, ਆਪਾ ਭਾਵ ਦੀ ਨਿਵਿਰਤੀ ਅਤੇ ਬਿਨਾ ਕਿਸੇ ਕਿੰਤੂ-ਪ੍ਰੰਤੂ ਕੀਤਿਆਂ ਆਗਿਆਕਾਰਤਾ ਦੇ ਸਬੂਤ ਨਾਲ ਸਫਲ ਰਹੇ। ਸ੍ਰੀ ਗੁਰੂ ਅਮਰਦਾਸ ਜੀ ਤਾਂ ਪਹਿਲਾਂ ਹੀ ਜਾਣਦੇ ਸਨ ਕਿ ਉਨ੍ਹਾਂ ਤੋਂ ਮਗਰੋਂ ਗੁਰਤਾ ਦੀ ਜ਼ਿੰਮੇਵਾਰੀਆਂ ਭਾਈ ਜੇਠਾ ਹੀ ਗੁਰਤਾ ਦੇ ਯੋਗ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸੱਚਖੰਡ ਵਾਪਸੀ ਸਮੇਂ ਭਾਈ ਜੇਠਾ ਜੀ ਨੂੰ 1 ਸਤੰਬਰ, 1574 ਈ. ਨੂੰ ਗੁਰਗੱਦੀ ਬਖਸ਼ ਕੇ ਭਾਈ ਜੇਠਾ ਤੋਂ ਸ੍ਰੀ ਗੁਰੂ ਰਾਮਦਾਸ ਬਣਾ ਦਿੱਤਾ। ਸਾਰੀ ਸੰਗਤ ਤੇ ਮੁਖੀਆਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ। ਸਾਰਿਆਂ ਨੇ ਨਮਸਕਾਰ ਕੀਤੀ।

ਇਸ ਤਰ੍ਹਾਂ ਆਪਣੇ ਗੁਣਾਂ, ਅਕਾਲ ਪੁਰਖ ਦੀ ਕਿਰਪਾਲਤਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਦਿਆਲਤਾ ਸਦਕਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੀ ਦਾਤ ਮਿਲੀ। ਭਾਈ ਸਤਾ ਤੇ ਬਲਵਡਿ ਜੀ ਆਪ ਜੀ ਦੀ ਵਡਿਆਈ ਇਸ ਤਰ੍ਹਾਂ ਕਰਦੇ ਹਨ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ
ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ
ਧਾਰਿਆ ॥ (ਪੰਨਾ 968)

ਜੋਤੀ ਜੋਤ ਸਮਾਉਣ ਤੋਂ ਕੁਝ ਵਰ੍ਹੇ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਜਿਸ ਥਾਂ ਹੁਣ ਸ੍ਰੀ ਅੰਮ੍ਰਿਤਸਰ ਹੈ, ਵਾਲੇ ਸਥਾਨ 'ਤੇ ਸਰੋਵਰ ਬਣਾਉਣ ਅਤੇ ਨਵਾਂ ਨਗਰ ਵਸਾਉਣ ਦੀ ਆਗਿਆ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੀਤੀ ਸੀ। ਇਸ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰ ਮੁਖੀ ਸਿੰਘਾਂ ਨੂੰ ਨਾਲ ਲੈ ਕੇ ਆਲੇ-ਦੁਆਲੇ ਦੀਆਂ ਸੰਗਤਾਂ ਨੂੰ ਇੱਕਤਰ ਕਰ ਕੇ ਇਸ ਨਵੇਂ ਨਗਰ ਦੀ ਮੋਹੜੀ ਆਪਣੇ ਹੱਥੀਂ ਗੱਡੀ। ਇਸ ਨਗਰ ਦਾ ਨਾਂ 'ਗੁਰੂ ਕਾ ਚੱਕ' ਪਿਆ। ਇਸ ਉਪਰੰਤ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਦੱਸੀ ਜਗ੍ਹਾਂ 'ਤੇ ਪਹਿਲਾਂ ਉਸ ਸਰੋਵਰ ਦੀ ਖੁਦਵਾਈ ਅਰੰਭੀ ਜਿਸ ਨੂੰ 'ਸੰਤੋਖਸਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ (ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ 'ਸੰਤੋਖਸਰ' ਵਾਲੇ ਸਰੋਵਰ ਦੀ ਸੰਪੂਰਨਤਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ) ਸੰਨ 1577 ਈ. ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਅਮ੍ਰਿਤਸਰ (ਗੁਰੂ ਕਾ ਚੱਕ) ਵਾਲੀ 50 ਵਿੱਘਾ ਜ਼ਮੀਨ ਨੂੰ ਤੁੰਗ ਪਿੰਡ ਦੇ ਜਿਮੀਂਦਾਰਾਂ ਪਾਸੋਂ 70 ਅਕਬਰੀ ਰੁਪਏ ਦੇ ਕੇ ਮੁੱਲ ਖ੍ਰੀਦਿਆ।

ਨਵਾਂ ਨਗਰ ਵਸਾ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਰਿਹਾਇਸ਼ ਪੱਕੇ ਤੌਰ 'ਤੇ ਇੱਥੇ ਕਰ ਲਈ। ਜਿਸ ਜਗ੍ਹਾਂ ਆਪ ਜੀ ਨੇ ਆਪਣੀ ਰਿਹਾਇਸ਼ ਕੀਤੀ ਉਸ ਅਸਥਾਨ ਨੂੰ 'ਗੁਰੂ ਕੇ ਮਹਿਲ' ਕਰ ਕੇ ਜਾਣਿਆ ਜਾਂਦਾ ਹੈ। ਇਸ ਵਸਾਏ ਨਵੇਂ ਨਗਰ ਦੀ ਧਾਰਮਿਕ, ਆਰਥਿਕ ਅਤੇ ਸਮਾਜਿਕ ਪੱਖ ਤੋਂ ਉਨਤੀ ਵਾਸਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਕਈ ਵਿਸ਼ੇਸ਼ ਕਾਰਜ ਅਰੰਭੇ। ਗੁਰੂ ਜੀ ਨੇ ਇਸ ਨਗਰੀ ਨੂੰ ਧਰਮ ਦੀ ਕਿਰਤ ਕਰਨ ਵਾਲੇ, ਹੁਨਰ ਅਤੇ ਦਸਤਕਾਰੀ ਰਾਹੀਂ ਉੱਦਮ ਤੇ ਜਤਨ ਕਰ ਕੇ ਹੱਥੀਂ ਕਿਰਤ ਕਰਕੇ ਰੋਜ਼ੀ ਕਮਾਉਣ ਵਾਲੇ ਲੋਕਾਂ ਦੀ ਨਗਰੀ ਬਣਾਉਣ ਵਾਸਤੇ 52 ਕਿਸਮਾਂ ਦੇ ਵੱਖ-ਵੱਖ ਕਿੱਤੇ (ਕੰਮ) ਕਰਨ ਵਾਲੇ ਹੁਨਰਮੰਦਾਂ ਅਤੇ ਮਿਹਨਤਕਸ਼ ਲੋਕਾਂ ਨੂੰ ਪ੍ਰੇਰ ਕੇ ਵੱਖ-ਵੱਖ ਸਥਾਨਾਂ ਤੋਂ ਇੱਥੇ ਸੱਦਿਆ। ਗੁਰੂ ਜੀ ਨੇ ਉਨ੍ਹਾਂ ਲੋਕਾਂ ਦੀ ਰਿਹਾਇਸ਼ ਵਾਸਤੇ ਪ੍ਰਬੰਧ ਕਰ ਕੇ ਉਨ੍ਹਾਂ ਨੂੰ ਇੱਥੇ ਵਸਾਇਆ। ਇਨ੍ਹਾਂ ਤਮਾਮ ਕਿੱਤਿਆਂ, ਧੰਦਿਆਂ ਨਾਲ ਸੰਬਧਿਤ ਲੋਕਾਂ ਨੂੰ ਇਕ ਬਜ਼ਾਰ ਵਿਚ ਵਸਾਇਆ। ਇਸ ਬਜ਼ਾਰ ਨੂੰ ਗੁਰੂ ਬਜ਼ਾਰ ਕਰ ਕੇ ਜਾਣਿਆ ਜਾਣ ਲੱਗਾ। ਹੌਲੀ ਹੌਲੀ ਇਹ ਨਗਰ ਸੰਘਣੀ ਵਸੋਂ ਵਿਚ ਤਬਦੀਲ ਹੋ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਆਪਣੀ ਪੁਸਤਕ ਪੂਰੀ ਹੋਈ ਕਰਾਮਾਤਿ ਵਿਚ ਇਸ ਨਵੇਂ ਨਗਰ ਬਾਰੇ ਲਿਖਦੇ ਹਨ ਕਿ ਸ਼ਹਿਰ ਨੂੰ ਕਈ ਮਹੱਲਿਆਂ ਅਤੇ ਬਜ਼ਾਰਾਂ ਵਿਚ ਵਡਿਆ। ਹਰ ਮਹੱਲੇ ਦੇ ਬਾਹਰ ਖੂਹ ਲਗਵਾਏ ਤੇ ਨਾਲ ਹੀ ਬਜ਼ਾਰ ਬਣਵਾਏ। ਦੂਰ ਨੇੜੇ ਸੱਦੇ ਭੇਜ ਕੇ ਵਪਾਰੀਆਂ ਨੂੰ ਵੱਸਣ ਲਈ ਕਿਹਾ। ਉਚੇਚੇ ਤੌਰ 'ਤੇ ਕਾਰੀਗਰਾਂ ਨੂੰ ਬੁਲਾ ਕੇ ਆਦਰ ਸਹਿਤ ਵਸਾਇਆ। ਕਲਾਨੌਰ, ਪੱਟੀ ਤੇ ਕਸੂਰ ਅਤੇ ਹੋਰ ਥਾਵਾਂ ਤੋਂ 52 ਕਿੱਤਿਆਂ ਦੇ ਨਾਮਵਰ ਪ੍ਰਵਾਰਾਂ ਨੂੰ ਵਸਾਇਆ। . . . ਸਿਰਫ ਬਜ਼ਾਰਾਂ ਦੇ ਨਾਵਾਂ ਤੋਂ ਹੀ ਪਤਾ ਲੱਗ ਜਾਏ ਕਿ ਕਿਤਨਾ ਵੱਡਾ ਸ਼ਹਿਰ ਗੁਰੂ ਜੀ ਨੇ ਵਿਉਂਤ-ਬੱਧ ਕੀਤਾ ਸੀ। ਮੁਹੱਲਾ ਪਟ ਰੰਗਾਂ, ਸਬੂਨੀਆਂ, ਮਿਸ਼ਰੀ ਬਜ਼ਾਰ, ਬਾਂਸਾਂ ਵਾਲਾ, ਚੀਲ ਮੰਡੀ, ਆਟਾ ਮੰਡੀ, ਬਜ਼ਾਰ ਮੋਚੀਆਂ। ਰੇਸ਼ਮ, ਸੂਤ, ਉੱਨ, ਲੋਹਾ, ਪਿੱਤਲ, ਹਾਥੀ ਦੰਦ, ਤੇਲ, ਕਾਲੀਨ ਤੇ ਰੰਗਰੇਜ਼ ਦੇ ਖਾਸ ਕੰਮਾਂ ਲਈ ਅਮ੍ਰਿਤਸਰ ਪ੍ਰਸਿੱਧ ਹੋ ਗਿਆ। ਇਹ ਸਭ ਕੁਝ ਚੌਥੇ ਪਾਤਸ਼ਾਹ ਦੀ ਅਪਾਰ



ਬਖਸ਼ਿਸ਼ ਸਦਕਾ ਹੋਇਆ। ਜਿਸ ਕਾਰਨ ਇਸ ਸ਼ਹਿਰ ਨੂੰ ਰਾਮਦਾਸਪੁਰ ਨਾਂ ਨਾਲ ਵੀ ਜਾਣਿਆ ਜਾਣ ਲੱਗਾ। ਸ੍ਰੀ ਅਮ੍ਰਿਤਸਰ ਸ਼ਹਿਰ ਵਿਚ ਇਹ ਬਜ਼ਾਰ ਸ੍ਰੀ ਹਰਿਮੰਦਰ ਸਾਹਿਬ ਦੇ ਕੋਲ ਪੁਰਾਣੇ ਸ਼ਹਿਰ ਦੇ ਇਲਾਕੇ ਵਿਚ ਹੁਣ ਤਕ ਵਪਾਰ ਦਾ ਵਿਸ਼ਵ-ਪ੍ਰਸਿੱਧ ਕੇਂਦਰ ਹਨ। ਇੱਥੇ ਵਰਤਮਾਨ ਸਮੇਂ ਵਿਚ ਵੀ ਵੱਖ-ਵੱਖ ਕਿੱਤਿਆਂ ਅਨੇਕਾਂ ਧਾਤਾਂ (ਲੋਹਾ, ਸਟੀਲ, ਸੋਨਾ, ਚਾਂਦੀ, ਤਾਂਬੇ ਆਦਿ) ਨਾਲ ਸੰਬਧਿਤ ਲੋਕ ਕਾਰਜਸ਼ੀਲ ਹਨ। ਜੋ ਕਿ ਵਰਤਮਾਨ ਵਿਚ ਵੀ ਸ੍ਰੀ ਅਮ੍ਰਿਤਸਰ ਦੀ ਵਿਸ਼ੇਸ਼ ਪਛਾਣ ਦਾ ਕੇਂਦਰ ਵੀ ਹਨ। ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਤੇ ਆਦੇਸ਼ ਮੁਤਾਬਿਕ ਸੰਨ 1577 ਈ. ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ 'ਦੁਖ ਭੰਜਨੀ ਬੇਰੀ' ਵਾਲੀ ਥਾਂ 'ਤੇ ਸਰੋਵਰ (ਅਮ੍ਰਿਤ-ਸਰੋਵਰ) ਦੀ ਖੁਦਵਾਈ ਅਰੰਭ ਕਰਵਾਈ। ਜਿਸ ਦਾ ਬਾਅਦ ਵਿਚ ਨਾਂ ਅੰਮ੍ਰਿਤ-ਸਰ ਰੱਖਿਆ ਗਿਆ। ਇਸੇ ਨਾਮ 'ਤੇ 'ਗੁਰੂ ਕਾ ਚੱਕ' 'ਰਾਮਦਾਸਪੁਰ' ਨਗਰੀ ਦਾ ਨਾਮ 'ਅੰਮ੍ਰਿਤਸਰ' ਪ੍ਰਚਲਿਤ ਹੋ ਗਿਆ। ਇਸੇ ਸਰੋਵਰ ਦੇ ਐਨ ਵਿਚਕਾਰ ਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰਿਆਈ ਕਾਲ ਸਮੇਂ ਸੰਨ 1588 ਈ. ਵਿਚ ਸਿੱਖੀ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਵਾਈ। ਸ੍ਰੀ ਗੁਰੂ ਰਾਮਦਾਸ ਜੀ ਦੀ ਬਖਸ਼ਿਸ਼ ਸਦਕਾ 'ਰਾਮਦਾਸ ਪੁਰ' (ਸ੍ਰੀ ਅਮ੍ਰਿਤਸਰ) ਸਿੱਖੀ ਦੇ ਵਿਕਾਸ ਦਾ ਵੱਡਾ ਕੇਂਦਰ ਬਣਨ ਲੱਗਾ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਜਾਰੀ ਕੀਤੀ 'ਲੰਗਰ ਪ੍ਰਥਾ' ਨੂੰ ਇੱਥੇ ਵੀ ਜਾਰੀ ਰੱਖੀ। ਗੁਰੂ-ਦਰਸ਼ਨਾਂ ਲਈ ਆਉਣ ਵਾਲੀ ਸੰਗਤ ਦੀ ਗਿਣਤੀ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ। ਜਿਸ ਕਾਰਨ ਸ਼ਹਿਰ ਦੇ ਹੋਰ ਵਿਕਾਸ ਦੀ ਲੋੜ ਹੋ ਗਈ। ਗੁਰੂ ਜੀ ਅਮ੍ਰਿਤ-ਸਰੋਵਰ ਨੂੰ ਵੀ ਪੱਕਾ ਕਰਨਾ ਚਾਹੁੰਦੇ ਸਨ। ਇਨ੍ਹਾਂ ਸਭ ਕਾਰਜਾਂ ਵਾਸਤੇ ਗੁਰੂ ਸਾਹਿਬ ਨੇ 'ਮਸੰਦਾਂ' ਦੀ ਸਥਾਪਨਾ ਕੀਤੀ। ਇਹ ਮਸੰਦ ਦੂਰ-ਦੁਰਾਡੇ ਦੀਆਂ ਸੰਗਤਾਂ ਕੋਲੋਂ ਗੁਰੂ-ਘਰ ਲਈ ਮਾਇਆ ਇਕੱਤਰ ਕਰ ਕੇ ਗੁਰੂ ਜੀ ਦੇ ਸਨਮੁੱਖ ਲਿਆਉਣ ਲੱਗੇ। ਮਸੰਦਾਂ ਦੁਆਰਾ ਸੰਗਤਾਂ ਤੋਂ ਇਕੱਠੀ ਕੀਤੀ ਮਾਇਆ ਅਮ੍ਰਿਤ-ਸਰੋਵਰ ਦੀ ਕਾਰ-ਸੇਵਾ ਅਤੇ ਹੋਰ ਸਿੱਖੀ ਦੇ ਅਤੇ ਸਮਾਜਿਕ ਭਲਾਈ ਦੇ ਕਾਰਜਾਂ ਵਿਚ ਖਰਚ ਕੀਤੀ ਜਾਂਦੀ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਤੋਂ ਪਹਿਲਾਂ ਤਿੰਨ ਗੁਰੂ ਸਾਹਿਬਾਨ ਵਾਂਗ ਬਾਣੀ ਦੀ ਰਚਨਾ ਕਰ ਕੇ ਲੋਕਾਈ ਨੂੰ ਸੱਚ ਦੇ ਮਾਰਗ ਨਾਲ ਰੂ-ਬਰੂ ਕਰਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਜੋ ਅਧਿਆਤਮਕ ਵਿਚਾਰ ਆਪਣੀ ਬਾਣੀ ਰਾਹੀਂ ਪੇਸ਼ ਕੀਤੇ ਹਨ, ਉਨ੍ਹਾਂ ਦਾ ਮੂਲ ਆਧਾਰ ਗੁਰੂ-ਪਰੰਪਰਾ ਤੋਂ ਪ੍ਰਾਪਤ ਜੀਵਨ-ਦਰਸ਼ਨ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 30 ਰਾਗਾਂ ਵਿਚ ਬਾਣੀ ਦਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਆਦਿ ਪੁਰਖੁ, ਅਪਰ-ਅਪਾਰ, ਸ੍ਰਿਸ਼ਟੀ-ਕਰਤਾ, ਅਦੁੱਤੀ, ਯੁੱਗਾਂ-ਯੁਗਾਂਤਰਾਂ ਤਕ ਇੱਕੋ ਇੱਕ ਤੇ ਸਦੀਵੀ ਹੈ। ਆਪ ਦਾ ਗੁਰਬਾਣੀ ਵਿਚ ਫੁਰਮਾਨ ਹੈ:

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ
ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ
ਨਿਹਚਲੁ ਕਰਤਾ ਸੋਈ ॥
(ਪੰਨਾ 348)

ਇਸ ਤੋਂ ਇਲਾਵਾ ਆਪ ਜੀ ਨੇ ਆਪਣੀ ਬਾਣੀ ਰਾਹੀਂ ਹਰੇਕ ਸਿੱਖ ਨੂੰ ਗੁਰਮਤਿ ਅਨੁਸਾਰ ਜੀਵਨ ਜੀਊਣ ਦੀ ਪ੍ਰੇਰਨਾ ਵੀ ਦਿੱਤੀ ਤੇ ਆਪਣੀ ਬਾਣੀ ਰਾਹੀਂ ਰੋਜ਼ਾਨਾ ਦੇ ਕਾਰਜਾਂ ਵਿਚ ਅਮ੍ਰਿਤ ਵੇਲੇ ਦਾ ਜਾਗਣਾ ਤੇ ਉਸ ਅਕਾਲ ਪੁਰਖ ਦਾ ਸਿਮਰਨ ਕਰਨਾ ਦ੍ਰਿੜ੍ਹ ਕਰਵਾਇਆ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ
ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ
ਅੰਮ੍ਰਿਤ ਸਰਿ ਨਾਵੈ ॥ (ਪੰਨਾ 305)

ਇਨ੍ਹਾਂ ਹੀ ਨਹੀਂ ਬਲਕਿ ਗੁਰੂ ਪਾਤਸ਼ਾਹ ਜੀ ਨੇ ਉਨ੍ਹਾਂ ਗੁਰਸਿੱਖਾਂ ਦੀ ਚਰਨ ਧੂੜ ਭਾਵ ਉਨ੍ਹਾਂ ਦਾ ਸੰਗ ਮੰਗਣ ਲਈ ਵੀ ਪ੍ਰੇਰਿਆ ਹੈ ਜੋ ਉਸ ਪਰਮਾਤਮਾ (ਅਕਾਲ ਪੁਰਖ) ਦਾ ਨਾਮ ਖ਼ੁਦ ਵੀ ਜਪਦੇ ਹਨ ਤੇ ਦੂਜਿਆਂ ਨੂੰ ਵੀ ਜਪਣ ਲਈ ਪ੍ਰੇਰਦੇ ਹਨ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ
ਕੀ ਜੋ ਆਪਿ ਜਪੈ ਅਵਰਹ ਨਾਮੁ
ਜਪਾਵੈ ॥
(ਪੰਨਾ 306)

ਗੁਰੂ ਸਾਹਿਬ ਨੇ ਸਿੱਖ ਨੂੰ ਹਰੇਕ ਕਾਰਜ ਅਕਾਲ ਪੁਰਖ ਦੇ ਭਰੋਸੇ ਕਰਨ ਅਤੇ ਉਸ ਪਰਮਾਤਮਾ ਅੱਗੇ ਅਰਦਾਸ ਕਰ ਕੇ ਅਰੰਭਣ ਦਾ ਉਪਦੇਸ਼ ਦਿੱਤਾ ਹੈ। ਆਪ ਜੀ ਦੀ ਬਾਣੀ ਵਿਚ ਪ੍ਰਮੁੱਖ ਰੂਪ 'ਚ ਪਦੇ, ਅਸਟਪਦੀਆਂ, ਛੰਤ, ਸਲੋਕ, ਵਾਰਾਂ, ਪਉੜੀਆਂ, ਪਹਿਰੇ, ਵਣਜਾਰੇ, ਕਰਹਲੇ ਅਤੇ ਘੋੜੀਆਂ ਸ਼ਾਮਲ ਹਨ। ਸੂਹੀ ਰਾਗ ਵਿਚ ਰਚੀਆਂ ਚਾਰ 'ਲਾਵਾਂ' ਹਰੇਕ ਸਿੱਖ ਦੇ 'ਅਨੰਦ ਕਾਰਜ' ਵਿਚ ਪੜ੍ਹੀਆਂ ਜਾਂਦੀਆਂ ਹਨ।

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕਰ ਗੁਰਿਆਈ ਦੀ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਅਰਜਨ ਦੇਵ ਜੀ ਨੂੰ ਗੁਣਾਂ ਦੇ ਆਧਾਰ 'ਤੇ ਦਿੱਤੀ। ਸ੍ਰੀ ਗੁਰੂ ਰਾਮਦਾਸ ਜੀ 1 ਸਤੰਬਰ, 1581 ਈ. ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

# ਕੀ ਗਰਭ ਦੌਰਾਨ ਮੇਕਅੱਪ ਕਰਨਾ ਖ਼ਤਰਨਾਕ ਹੈ?



ਵਾਸ਼ਿੰਗਟਨ ਦੇ ਡਾਕਟਰ ਜ਼ਵਰਲਿੰਗ ਦੀ ਖੋਜ ਅਨੁਸਾਰ ਕੁੱਝ ਵਨਸਪਤੀ ਤੋਂ ਬਣੇ ਜਾਂ ਆਰਗੈਨਿਕ/ਨੈਚੁਰਲ/ਜੜ੍ਹੀਆਂ-ਬੂਟੀਆਂ ਤੋਂ ਬਣੀਆਂ ਮੇਕਅੱਪ ਦੀਆਂ ਚੀਜ਼ਾਂ ਵੀ ਗਰਭ ਦੌਰਾਨ ਤਗੜੀ ਐਲਰਜੀ ਕਰ ਸਕਦੀਆਂ ਹਨ ਪਰ ਆਇਰਨ ਆਕਸਾਈਡ ਵਰਤਿਆ ਜਾ ਸਕਦਾ ਹੈ। ਇਹ ਖੋਜ ਬੜੀ ਅਜੀਬ ਸੀ। ਇਸੇ ਲਈ ਗਰਭ ਦੌਰਾਨ ਮੇਕਅੱਪ ਬਾਰੇ ਕਾਫ਼ੀ ਹੋਰ ਵੀ ਖੋਜਾਂ ਹੋਣੀਆਂ ਸ਼ੁਰੂ ਹੋਈਆਂ। ਦੁਨੀਆ ਭਰ ਵਿੱਚ ਜੱਚਾ ਲਈ ਟੈਟੂ ਬਣਾਉਣੇ ਸਖ਼ਤੀ ਨਾਲ ਰੋਕੇ ਗਏ ਹਨ ਕਿਉਂਕਿ ਸੂਈ ਰਾਹੀਂ ਸਰੀਰ ਅੰਦਰ ਜਾਂਦੀ ਬਿਮਾਰੀ ਗਰਭ ਵਿੱਚ ਪਲ ਰਹੇ ਬੱਚੇ ਨੂੰ ਵੀ ਲੱਗ ਜਾਂਦੀ ਹੈ।

ਖੋਜਾਂ ਰਾਹੀਂ ਸਾਬਤ ਹੋਏ ਤੱਥਾਂ ਅਨੁਸਾਰ ਕੁੱਝ ਮੇਕਅੱਪ ਵਾਲੀਆਂ ਚੀਜ਼ਾਂ ਗਰਭਵਤੀ ਔਰਤ ਨਾ ਹੀ ਵਰਤੇ ਤਾਂ ਠੀਕ ਰਹਿੰਦਾ ਹੈ।

ਰੈਟੀਨਾਇਡ/ਰੈਟੀਨੋਲ: ਇਹ ਕਈ ਕਿਸਮਾਂ ਦੀਆਂ ਝੁਰੜੀਆਂ ਰੋਕਣ ਵਾਲੀਆਂ ਕਰੀਮਾਂ ਵਿੱਚ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਸ਼ੈਂਪੂ ਅਤੇ ਕਿੱਲ ਮੁਹਾਂਸੇ ਵਾਲੀਆਂ ਕਰੀਮਾਂ ਜਾਂ ਗੋਲੀਆਂ ਵਿੱਚ ਵੀ ਇਹ ਹੈ। ਇਸ ਵਿੱਚ ਵਿਟਾਮਿਨ-ਏ ਏਨਾ ਵੱਧ ਹੁੰਦਾ ਹੈ ਕਿ ਇਹ ਗਰਭ ਵਿੱਚ ਪਲ ਰਹੇ ਬੱਚੇ ਵਿੱਚ ਪੂਰੀ ਜ਼ਿੰਦਗੀ ਲਈ ਨੁਕਸ ਪੈਦਾ ਕਰ ਸਕਦਾ ਹੈ। ਇਸੇ ਲਈ ਕੋਈ ਵੀ ਕਰੀਮ ਜਾਂ ਸ਼ੈਂਪੂ ਵਰਤਣ ਤੋਂ ਪਹਿਲਾਂ ਉਸ ਵਿੱਚ ਚੈੱਕ ਕਰ ਲੈਣਾ ਚਾਹੀਦਾ ਹੈ ਕਿ ਰੇਟੀਨੋਲ ਹੈ ਜਾਂ ਨਹੀਂ।

ਸੈਲੀਸਿਲਿਕ ਐਸਿਡ: ਕਿਲ ਮੁਹਾਂਸੇ ਲਈ ਵਰਤੀਆਂ ਜਾ ਰਹੀਆਂ ਕਰੀਮਾਂ ਅਤੇ ਮੂੰਹ ਸਾਫ਼ ਕਰਨ ਵਾਲੇ ਕਲੀਂਜ਼ਰਾਂ ਵਿੱਚ ਸੈਲੀਸਿਲਕ ਐਸਿਡ ਹੁੰਦਾ ਹੈ। ਵਾਧੂ ਵਰਤੋਂ ਜਾਂ ਮੂੰਹ ਰਾਹੀਂ ਖਾਣ ਨਾਲ ਭਰੂਣ ਵਿੱਚ ਨੁਕਸ ਪੈ ਸਕਦੇ ਹਨ।





ਇਸੇ ਲਈ ਸੈਲੀਸਿਲਿਕ ਐਸਿਡ, ਅਲਫਾ ਅਤੇ ਬੀਟਾ ਹਾਈਡਰੋਕਸਿਲ ਐਸਿਡ ਜੱਚਾ ਲਈ ਵਰਤਣੇ ਠੀਕ ਨਹੀਂ ਹਨ।

ਐਲਮੀਨੀਅਮ ਕਲੋਰਾਈਡ ਹੈਕਸਾ ਹਾਈਡਰੇਟ: ਇਹ ਪਸੀਨਾ ਰੋਕਣ ਵਾਲੀਆਂ ਕਰੀਮਾਂ ਵਿੱਚ ਹੁੰਦਾ ਹੈ (ਐਂਟੀ ਪਰਸਪੀਰੈਂਟ)। ਇਸ ਦੀ ਵਰਤੋਂ ਹਾਨੀਕਾਰਕ ਹੈ।

ਕੈਮੀਕਲ ਸਨਸਕਰੀਨ: ਐਵੋਬੈਨਜ਼ੋਨ, ਓਕਟੀਸੈਲੇਟ, ਆਕਸੀਬੈਨਜ਼ੋਨ ਤੇ ਓਕਸੀਨੋਕਸੇਟ ਆਦਿ ਵਾਲੀਆਂ ਧੁੱਪ ਤੋਂ ਬਚਣ ਵਾਲੀਆਂ ਕਰੀਮਾਂ ਨਹੀਂ ਵਰਤਣੀਆਂ ਚਾਹੀਦੀਆਂ।

ਡਾਈ ਈਥਾਨੋਲਾਮੀਨ ਅਤੇ ਲੋਰਾਮਾਈਡ: ਵਾਲੇ ਸ਼ੈਂਪੂ ਤੇ ਸਰੀਰ ਉੱਤੇ ਮਲਣ ਵਾਲੀਆਂ ਕਰੀਮਾਂ ਵੀ ਵਰਤਣੀਆਂ ਠੀਕ ਨਹੀਂ।

ਡਾਈਹਾਈਡਰੋਕਸੀ ਐਸੀਟੋਨ: ਟੈਨਿੰਗ ਲਈ ਵਰਤੇ ਜਾਂਦੇ ਸਪਰੇਅ ਵਿੱਚ ਇਹ ਤੱਤ ਹੁੰਦਾ ਹੈ ਅਤੇ ਸਾਹ ਰਾਹੀਂ ਅੰਦਰ ਲੰਘ ਜਾਣ ਉੱਤੇ ਨੁਕਸਾਨ ਕਰ ਸਕਦਾ ਹੈ।

ਫੋਰਮੈਲਡੀਹਾਈਡ: ਇਹ ਤੱਤ ਵਾਲ ਸਿੱਧੇ (ਸਟਰੇਟਨਿੰਗ) ਵਿੱਚ, ਨੇਲ ਪਾਲਿਸ਼ਾਂ ਵਿੱਚ, ਅੱਖਾਂ ਦੀਆਂ ਪੁਤਲੀਆਂ ਉੱਤੇ ਲਾਉਣ ਵਾਲੇ ਜੈੱਲ ਆਦਿ ਵਿੱਚ ਇਹ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕੁਆਟਰਨੀਅਮ, ਡਾਈਮੀਥਾਇਲ ਹਾਈਡੈਨਟਾਇਨ, ਇਮੀਡਾ ਜ਼ੋਲੀਡੀਨਾਈਲ ਯੂਰੀਆ ਅਤੇ ਬਰੋਮੋ ਨਾਈਟਰੋਪਰੋਪੇਨ ਆਦਿ ਜਿਸ ਵੀ ਕਰੀਮ, ਸ਼ੈਂਪੂ ਜਾਂ ਸਪਰੇਅ ਵਿੱਚ ਹੋਣ, ਉੱਕਾ ਹੀ ਨਹੀਂ ਵਰਤਣੇ ਚਾਹੀਦੇ।

ਹਾਈਡਰੋਕੁਈਨੋਨ: ਜੋ ਰੰਗ ਗੋਰਾ ਕਰਨ ਵਾਲੀਆਂ ਕਰੀਮਾਂ ਵਿੱਚ ਹੈ, ਤੋਂ ਤਾਂ ਹਰ ਹਾਲ ਪਰਹੇਜ਼ ਹੀ ਕਰਨਾ ਠੀਕ ਰਹਿੰਦਾ ਹੈ।

ਪੈਰਾਬੈਨ: ਵਾਲੇ ਕੋਈ ਵੀ ਮੇਕਅੱਪ ਦੇ ਸਮਾਨ ਬਿਲਕੁਲ ਨਹੀਂ ਵਰਤਣੇ ਚਾਹੀਦੇ।

ਥੈਲੇਟ: ਖ਼ੁਸ਼ਬੂ ਅਤੇ ਨੇਲ ਪਾਲਿਸ਼ ਵਿੱਚ ਪਾਇਆ ਜਾਂਦਾ ਹੈ। ਡਾਈਈਥਾਈਲ ਤੇ ਡਾਈ ਬੁਟਾਈਲ ਥੈਲੇਟ ਵਰਤਣ ਨਾਲ ਗਰਭ ਵਿੱਚ ਪਲ ਰਹੇ ਬੱਚੇ ਵਿੱਚ ਕਾਫ਼ੀ ਨੁਕਸ ਹੋ ਸਕਦੇ ਹਨ।

ਥਾਇਓਗਲਾਈਕੋਲਿਕ ਐਸਿਡ: ਇਹ ਸਰੀਰ ਉੱਤੋਂ ਵਾਲ ਲਾਹੁਣ ਵਾਲੀਆਂ ਕਰੀਮਾਂ ਵਿੱਚ ਹਨ। ਏਸੀਟਾਈਲ ਮਾਰਕੈਪਟਨ, ਮਾਰਕੈਪਟੋ ਐਸੀਟੇਟ ਅਤੇ ਮਰਕੈਪਟੋ ਏਸੀਟਿਕ ਐਸਿਡ ਆਦਿ ਸ਼ਬਦ ਟਿਊਬਾਂ ਦੇ ਬਾਹਰੋਂ ਪੜ੍ਹ ਕੇ, ਅਜਿਹੀਆਂ ਕਰੀਮਾਂ ਤੋਂ ਤੌਬਾ ਕਰਨੀ ਹੀ ਬਿਹਤਰ ਹੈ। ਇਹ ਬੱਚੇ ਦੀ ਤੰਦਰੁਸਤੀ ਲਈ ਘਾਤਕ ਸਿੱਧ ਹੁੰਦੇ ਹਨ।

ਟੌਲੂਈਨ: ਨੇਲ ਪਾਲਿਸ਼ ਵਿੱਚ ਹੁੰਦਾ ਹੈ ਜੋ ਜੱਚਾ ਨੂੰ ਨੁਕਸਾਨ ਕਰ ਸਕਦਾ ਹੈ।

ਚਮੜੀ ਸਰੀਰ ਦਾ ਸਭ ਤੋਂ ਵੱਡਾ ਅੰਗ ਹੈ ਅਤੇ ਇਸ ਰਾਹੀਂ ਅਨੇਕ ਚੀਜ਼ਾਂ ਸਰੀਰ ਅੰਦਰ ਪਹੁੰਚ ਕੇ ਨੁਕਸਾਨ ਕਰ ਸਕਦੀਆਂ ਹਨ। ਕੁੱਝ ਵਾਲਾਂ ਅਤੇ ਨਹੁੰ ਰਾਹੀਂ ਵੀ ਅਸਰ ਛੱਡਦੀਆਂ ਹਨ ਤੇ ਢਿੱਡ ਅੰਦਰ ਪਲ ਰਹੇ ਬੱਚੇ ਵਿੱਚ ਸਦੀਵੀ ਨੁਕਸ ਵੀ ਕਰ ਦਿੰਦੀਆਂ ਹਨ।

ਕੁੱਝ ਧਿਆਨ ਦੇਣ ਯੋਗ ਗੱਲਾਂ:

× ਘੱਟੋ-ਘੱਟ ਮੇਕਅੱਪ ਵਰਤਿਆ ਜਾਵੇ।
× ਸਾਬਣ ਗਲਿਸਰੀਨ ਵਾਲਾ ਹੋਵੇ।
× ਨਹਾਉਣ ਜਾਂ ਮੂੰਹ ਧੋਣ ਲਈ ਬਹੁਤਾ ਗਰਮ ਪਾਣੀ ਨਾ ਵਰਤਿਆ ਜਾਵੇ।
× ਹਲਕੀ ਕਰੀਮ ਜਾਂ ਮਲਾਈ ਮੂੰਹ ਉੱਤੇ ਲਾਈ ਜਾ ਸਕਦੀ ਹੈ।
× ਚਮੜੀ ਅਤੇ ਸਿਰ ਵਾਸਤੇ ਖੋਪੇ ਦਾ ਤੇਲ ਵਰਤਿਆ ਜਾ ਸਕਦਾ ਹੈ।
× ਛਾਤੀ ਉੱਤੇ ਲਾਉਣ ਲਈ ਵੀ ਖੋਪੇ ਦਾ ਤੇਲ ਹੀ ਬਿਹਤਰ ਹੈ।
× ਫਾਊਂਡੇਸ਼ਨ ਲਾਉਣ ਲੱਗਿਆਂ ਘੱਟੋ-ਘੱਟ ਕੈਮੀਕਲ ਵਾਲਾ ਵਰਤਿਆ ਜਾਵੇ।
× ਮੇਕਅੱਪ ਲਾਹੁਣ ਲੱਗਿਆਂ ਚੌਲਾਂ ਦੀ ਪਿੱਛ ਜਾਂ ਤਾਜ਼ੇ ਦੁੱਧ ਨਾਲ ਮੂੰਹ ਸਾਫ਼ ਕੀਤਾ ਜਾ ਸਕਦਾ ਹੈ।
× ਬੁੱਲਾਂ ਅਤੇ ਮੂੰਹ ਉੱਤੇ ਮੇਕਅੱਪ ਦੀ ਮੋਟੀ ਤਹਿ ਨਹੀਂ ਲਾਉਣੀ ਚਾਹੀਦੀ।
× ਲੈੱਡ ਤੇ ਕੌਪਰ ਵਾਲੇ ਕਾਸਮੈਟਿਕ ਨਹੀਂ ਵਰਤਣੇ ਚਾਹੀਦੇ। ਇਸ ਲਈ ਅੱਖਾਂ ਅਤੇ ਬੁੱਲਾਂ ਉੱਤੇ ਲਾਈ ਜਾ ਰਹੀ ਪੈਨਸਿਲ ਵਿੱਚ ਇਹ ਤੱਤ ਜ਼ਰੂਰ ਚੈੱਕ ਕਰ ਲੈਣਾ ਚਾਹੀਦਾ ਹੈ।
× ਲਿਪਸਟਿਕ ਨਾ ਹੀ ਵਰਤੀ ਜਾਵੇ ਤਾਂ ਬਿਹਤਰ ਹੈ। ਜੇ ਵਰਤੀ ਜਾ ਰਹੀ ਹੈ ਤਾਂ ਲੈੱਡ ਵਾਲੀ ਲਿਪਸਟਿਕ ਦੀ ਥਾਂ ਕੁਦਰਤੀ ਚੀਜ਼ਾਂ ਦੀ ਬਣੀ ਵਰਤਣੀ ਚਾਹੀਦੀ ਹੈ ਕਿਉਂਕਿ ਬੁੱਲਾਂ ਰਾਹੀਂ ਮੂੰਹ ਅੰਦਰ ਜਾਂਦਾ ਲੈੱਡ ਭਰੂਣ ਉੱਤੇ ਅਸਰ ਪਾ ਸਕਦਾ ਹੈ।
× ਖੋਪੇ ਦਾ ਤੇਲ ਸਿਰ ਅਤੇ ਸਰੀਰ ਦੀ ਚਮੜੀ ਨੂੰ ਨਰਮ ਰੱਖਣ ਲਈ ਬਹੁਤ ਵਧੀਆ ਸਾਬਤ ਹੋ ਚੁੱਕਿਆ ਹੈ ਤੇ ਚਮੜੀ ਅੰਦਰਲੀ ਨਮੀ ਬਰਕਰਾਰ ਰੱਖਦਾ ਹੈ।
× ਬਦਾਮਾਂ ਦਾ ਤੇਲ ਵੀ ਲਾਹੇਵੰਦ ਹੈ।
× ਲੈਵੈਂਡਰ ਤੇਲ ਨਾਲ ਹੱਥਾਂ ਅਤੇ ਗੁੱਟਾਂ ਉੱਤੇ ਮਾਲਿਸ਼ ਕਰਕੇ ਡੂੰਘੀ ਨੀਂਦਰ ਲਈ ਜਾ ਸਕਦੀ ਹੈ।
× ਰੈਟੀਨੋਲ ਦੀ ਥਾਂ ਉਹ 'ਆਈ ਸੀਰਮ' ਵਰਤਿਆ ਜਾ ਸਕਦਾ ਹੈ ਜੋ ਆਰਗੈਨਿਕ ਹੋਵੇ।
× ਐਲੋ ਵੀਰਾ ਕਰੀਮ ਧੁੱਪੇ ਜਾਣ ਲੱਗਿਆਂ ਮੂੰਹ ਜਾਂ ਗਲੇ ਉੱਤੇ ਲਾਈ ਜਾ ਸਕਦੀ ਹੈ।
× ਰੋਜ਼ ਕਸਰਤ ਕਰਨ ਤੇ ਰੱਜ ਕੇ ਸਲਾਦ ਅਤੇ ਫਲ ਖਾਣ ਨਾਲ ਚਿਹਰੇ ਉੱਤੇ ਕੁਦਰਤੀ ਰੌਣਕ ਆ ਜਾਂਦੀ ਹੈ।
× ਸ਼ਰਾਬ ਤੇ ਸਿਗਰਟ ਬੰਦ ਕਰ ਦੇਣੀ ਚਾਹੀਦੀ ਹੈ।
× ਪੈਰਾਬੈਨ ਵਾਲੀਆਂ ਪਰਫਿਊਮਾਂ ਲਾਉਣ ਨਾਲ ਗਰਭਪਾਤ ਹੋ ਸਕਦਾ ਹੈ ਤੇ ਬੱਚੇ ਵਿੱਚ ਜਮਾਂਦਰੂ ਨੁਕਸ ਹੋ ਸਕਦੇ ਹਨ। ਥੈਲੇਟ ਜ਼ੱਚਾ ਦੇ ਹਾਰਮੋਨਾਂ 'ਚ ਗੜਬੜੀ ਪੈਦਾ ਕਰ ਦਿੰਦੇ ਹਨ। ਇਸੇ ਲਈ ਇਨ੍ਹਾਂ ਨੂੰ ਨਾ ਵਰਤਣਾ ਹੀ ਠੀਕ ਹੈ।
× ਗੂੜ੍ਹੀ ਲਾਲ ਲਿਪਸਟਿਕ ਵਿੱਚ ਲੈਡ ਹੁੰਦਾ ਹੈ, ਜੋ ਨੁਕਸਾਨਦੇਹ ਹੈ। × ਮਸਕਾਰਾ ਅੱਖਾਂ ਦੀ ਖ਼ੂਬਸੂਰਤੀ ਤਾਂ ਵਧਾਉਂਦਾ ਹੈ ਪਰ ਉਸ ਵਿੱਚ ਮਰਕਰੀ (ਪਾਰਾ) ਹੋਣ ਕਾਰਨ ਸਰੀਰ ਦਾ ਨਾਸ ਵੱਜਦਾ ਹੈ ਸੋ ਨਾ ਵਰਤਣਾ ਹੀ ਠੀਕ ਹੈ। ਡੂੰਘੀ ਨੀਂਦਰ ਲੈ ਕੇ, ਤਣਾਓ ਛੱਡ ਕੇ ਅਤੇ ਖੁੱਲ੍ਹ ਕੇ ਹੱਸ ਕੇ ਜਿਹੜੀ ਰੌਣਕ ਚਿਹਰੇ ਉੱਤੇ ਆਉਂਦੀ ਹੈ, ਉਹ ਕਿਸੇ ਵੀ



# ਹੱਡੀਆਂ ਨੂੰ ਮਜ਼ਬੂਤ ਬਣਾਉਂਦੀ ਹੈ ਮੱਕੀ ਦੀ ਰੋਟੀ, ਖਾਣ ਨਾਲ ਹੋਣਗੇ ਹੋਰ ਵੀ ਲਾਭ

ਸਰਦੀਆਂ @ਚ ਮੱਕੀ ਦਾ ਸੇਵਨ ਕਰਨਾ ਸਿਹਤ ਲਈ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਚਾਹੇ ਇਸ ਨੂੰ ਦਾਣੇ ਦੇ ਰੂਪ @ਚ ਖਾਓ ਜਾਂ ਰੋਟੀ ਦੇ ਰੂਪ @ਚ। ਇਸ @ਚ ਵਿਟਾਮਿਨ ਏ,ਬੀ,ਈ ਅਤੇ ਕਈ ਤਰ੍ਹਾਂ ਦੇ ਮਿਨਰਲਸ ਜਿਵੇਂ ਆਇਰਨ, ਕਾਪਰ, ਜ਼ਿੰਕ ਅਤੇ ਮੈਗਨੀਜ਼, ਸੇਲੇਨਿਯਮ ਪੋਟਾਸ਼ੀਅਮ ਆਦਿ ਭਰਪੂਰ ਮਾਤਰਾ @ਚ ਮੌਜੂਦ ਹੁੰਦੇ ਹਨ। ਜੋ ਕੋਲਨ ਕੈਂਸਰ ਅਤੇ ਦਿਲ ਦੇ ਗੰਭੀਰ ਰੋਗ ਹੋਣ ਦੀ ਸੰਭਾਵਨਾ ਨੂੰ ਘੱਟ ਕਰਦੇ ਹਨ। ਇਸ ਲਈ ਆਪਣੀ ਖੁਰਾਕ @ਚ ਮੱਕੀ ਦੀ ਰੋਟੀ ਨੂੰ ਜ਼ਰੂਰ ਸ਼ਾਮਲ ਕਰੋ। ਆਓ ਜਾਣਦੇ ਹਾਂ ਇਸ ਦੇ ਫਾਇਦੇ।

1. ਕੈਂਸਰ ਦੀ ਰੋਕਥਾਮ

ਮੱਕੀ ਦਾ ਸੇਵਨ ਕਰਨਾ ਸਿਹਤ ਲਈ ਬੇਹੱਦ ਫਾਇਦੇਮੰਦ ਹੁੰਦਾ ਹੈ। ਇਸ ਚ ਐਂਟੀ-ਆਕਸੀਡੈਂਟ, ਬੀਟਾ ਕ੍ਰਿਪਟੋਜੇਂਥਿਨ, ਐਂਟੀ-ਆਕਸੀਡੈਂਟ ਭਰਪੂਰ ਮਾਤਰਾ ਚ ਪਾਏ ਜਾਂਦੇ ਹਨ ਜੋ ਫੇਫੜਿਆਂ ਦੇ ਕੈਂਸਰ, ਲਿਵਰ ਅਤੇ ਬ੍ਰੈਸਟ ਕੈਂਸਰ ਦੇ ਖਤਰੇ ਨੂੰ ਘੱਟ ਕਰਦੇ ਹਨ।

2. ਦਿਲ ਨੂੰ ਸਿਹਤਮੰਦ ਰੱਖੇ

ਇਹ ਕੋਲੈਸਟਰੋਲ ਨੂੰ ਘੱਟ ਕਰ ਕਾਰਡਿਓਵਰਸਕੁਲਰ ਦੇ ਰਿਸਕ ਨੂੰ ਘੱਟ ਕਰਦਾ ਹੈ। ਇਸ ਚ ਓਮੇਗਾ-3 ਫੈਟੀ ਐਸਿਡ ਵੀ ਹੁੰਦਾ ਹੈ ਜੋ ਦਿਲ ਨੂੰ ਸਿਹਤਮੰਦ ਬਣਾਉਂਦਾ ਹੈ। ਇਸ ਤੋਂ ਇਲਵਾ ਇਹ ਹਾਈ ਬੀਪੀ ਦੀ ਸਮੱਸਿਆ ਨੂੰ ਵੀ ਘੱਟ ਕਰ ਹਾਰਟ ਅਟੈਕ ਅਤੇ ਸਟ੍ਰੋਕ ਦਾ ਖਤਰਾ ਘੱਟ ਕਰਦਾ ਹੈ। ਨਿਯਮਿਤ ਇਸ ਨੂੰ ਖਾਣ ਨਾਲ ਸਰੀਰ ਚੋਂ ਮਾੜੇ ਕੋਲੈਸਟਰੋਲ ਦਾ ਲੈਵਲ ਘੱਟ ਹੋ ਜਾਂਦਾ ਹੈ।

3. ਡਾਈਜੇਸ਼ਨ

ਕਣਕ ਦੀ ਰੋਟੀ ਦੀ ਬਜਾਏ ਮੱਕੀ ਦੀ ਰੋਟੀ ਪਚਨ @ਚ ਆਸਾਨ ਹੁੰਦੀ ਹੈ। ਮੱਕੀ ਚ ਮੌਜੂਦ ਫਾਈਬਰ ਪਾਚਨ ਨੂੰ ਸਹੀ ਰੱਖਦਾ ਹੈ ਅਤੇ ਹਾਨੀਕਾਰਕ ਪਦਾਰਥਾਂ ਨੂੰ ਸਰੀਰ @ਚੋਂ ਬਾਹਰ ਕੱਢਣ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਐਸੀਡਿਟੀ, ਕਬਜ਼ ਆਦਿ ਢਿੱਡ ਸਬੰਧੀ ਸਮੱਸਿਆਵਾਂ ਘੱਟ ਹੁੰਦੀਆਂ ਹਨ।

4. ਖ਼ੂਨ ਵਧਾਏ

ਅਨੀਮੀਆ ਦੇ ਮਰੀਜ਼ਾਂ ਲਈ ਮੱਕੀ ਬਹੁਤ ਹੀ ਲਾਭਕਾਰੀ ਹੁੰਦੀ ਹੈ ਕਿਉਂਕਿ ਇਸ @ਚ ਜ਼ਿੰਕ, ਆਇਰਨ ਅਤੇ ਬੀਟਾ-ਕੈਰੋਟਿਨ ਹੁੰਦਾ ਹੈ, ਜੋ ਸਰੀਰ @ਚ ਲਾਲ ਖ਼ੂਨ ਕੋਸ਼ਿਕਾਵਾਂ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ ਇਹ ਵਿਟਾਮਿਨਸ ਦੀ ਘਾਟ ਨੂੰ ਵੀ ਦੂਰ ਕਰਦਾ ਹੈ।



5. ਗਰਭ ਅਵਸਥਾ @ਚ ਫਾਇਦੇਮੰਦ

ਗਰਭਵਤੀ ਔਰਤਾਂ ਨੂੰ ਵੀ ਮੱਕੀ ਦੀ ਰੋਟੀ ਨੂੰ ਆਪਣੀ ਖੁਰਾਕ @ਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਇਸ @ਚ ਫਾਲੇਟ ਅਤੇ ਵਿਟਾਮਿਨ-ਬੀ ਪਾਇਆ ਜਾਂਦਾ ਹੈ, ਜੋ ਕਿ ਗਰਭਾਸ਼ਯ @ਚ ਬੱਚੇ ਦੀਆਂ ਨਵੀਂ ਕੋਸ਼ਿਕਾਵਾਂ ਦੇ ਵਿਕਾਸ ਲਈ ਜ਼ਰੂਰੀ ਹੁੰਦਾ ਹੈ। ਇਸ ਤੋਂ ਇਲਾਵਾ ਫਾਲੇਟ ਗਰਭ ਅਵਸਥਾ @ਚ ਮਾਂ ਅਤੇ ਬੱਚੇ, ਦੋਹਾਂ ਲਈ ਫਾਇਦੇਮੰਦ ਹੁੰਦਾ ਹੈ।

6. ਸਰਦੀ-ਜ਼ੁਕਾਮ ਤੋਂ ਰਾਹਤ

ਮੱਕੀ ਦੇ ਭੁੱਟੇ ਨੂੰ ਜਲਾ ਕੇ ਉਸ ਦੀ ਰਾਖ ਨੂੰ ਪੀਸ ਲਓ ਫਿਰ ਇਸ @ਚ ਸੁਆਦ ਮੁਤਾਬਕ ਸੇਂਧਾ ਨਮਕ ਪਾ ਕੇ ਦਿਨ @ਚ 4 ਵਾਰ 1 ਚਮਚਾ ਇਸ ਦਾ ਸੇਵਨ ਕਰੋ। ਇਸ ਨਾਲ ਖੰਘ, ਕਫ ਅਤੇ ਸਰਦੀ ਤੋਂ ਰਾਹਤ ਮਿਲਦੀ ਹੈ।

7. ਹੱਡੀਆਂ ਨੂੰ ਮਜ਼ਬੂਤ ਬਣਾਏ

ਇਹ ਹੱਡੀਆਂ ਲਈ ਵੀ ਬਹੁਤ ਹੀ ਫਾਇਦੇਮੰਦ ਹੈ। ਮੈਗਨੀਸ਼ੀਅਮ ਅਤੇ ਆਇਰਨ ਇਸ @ਚ ਭਰਪੂਰ ਮਾਤਰਾ @ਚ ਹੁੰਦਾ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਨਾਲ ਹੀ ਇਸ @ਚ ਮੌਜੂਦ ਜ਼ਿੰਕ ਅਤੇ ਫਾਸਫੋਰਸ ਆਰਥਰਾਈਟਸ ਵਰਗੇ ਰੋਗਾਂ ਦੇ ਖਤਰੇ ਨੂੰ ਘੱਟ ਕਰਦਾ ਹੈ।

8. ਯੂਰਿਨ @ਚ ਜਲਣ ਦੀ ਸਮੱਸਿਆ

ਮੱਕੀ ਦੀ ਰੋਟੀ ਨੂੰ ਪਾਣੀ @ਚ ਉਬਾਲ ਕੇ ਛਾਣ ਲਓ ਅਤੇ ਇਸ @ਚ ਮਿਸ਼ਰੀ ਮਿਲਾ ਕੇ ਪੀਓ। ਇਸ ਨਾਲ ਯੂਰਿਨ @ਚ ਜਲਣ ਅਤੇ ਗੁਰਦਿਆਂ ਦੀ ਕਮਜ਼ੋਰੀ ਦੂਰ ਹੋਵੇਗੀ। ਇਸ ਨਾਲ ਪੱਥਰੀ ਹੋਣ ਦਾ ਖਤਰਾ ਵੀ ਘੱਟ ਹੋ ਜਾਂਦਾ ਹੈ।

9. ਅੱਖਾਂ ਦੀ ਰੌਸ਼ਨੀ

ਇਸ @ਚ ਪਾਇਆ ਜਾਣ ਵਾਲਾ ਰੇਟਿਨਾਈਡਸ ਅੱਖਾਂ ਦੇ ਰੇਟਿਨਾ ਲਈ ਲਾਭਕਾਰੀ ਹੁੰਦਾ ਹੈ। ਇਸ ਦਾ ਸੇਵਨ ਕਰਨ ਨਾਲ ਅੱਖਾਂ ਦੀ ਰੌਸ਼ਨੀ ਨੂੰ ਫਾਇਦਾ ਮਿਲਦਾ ਹੈ।

10. ਸਕਿਨ ਲਈ ਫਾਇਦੇਮੰਦ

ਇਸ @ਚ ਮੌਜੂਦ ਬੀਟਾ-ਕੈਰੋਟਿਨ ਅਤੇ ਵਿਟਾਮਿਨ-ਏ ਸਕਿਨ ਲਈ ਬੈਸਟ ਹੁੰਦਾ ਹੈ। ਨਿਯਮਿਤ ਇਸ ਦਾ ਸੇਵਨ ਕਰਨ ਨਾਲ ਸਕਿਨ ਗਲੋ ਕਰਦੀ ਹੈ।

# ਗੁਰੂ ਨਾਨਕ ਸਾਹਿਬ ਜੀ ਨਿਰਮਲ ਪੰਥ ਦੇ ਬਾਨੀ

ਅੱਜ ਸਾਜਸ਼ ਨੀਤੀਆਂ ਦੁਆਰਾ ਇਸ ਤੱਥ ਨੂੰ ਝੂਠਾ ਦੱਸਣ ਦਾ ਜਤਨ ਕੀਤਾ ਜਾ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੋਈ ਵਿਲੱਖਣ ਸਿਧਾਂਤਾਂ ਨੂੰ ਜਨਮ ਦਿੱਤਾ। ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਨੇ ਸਿੱਖ ਇੰਨਕਲਾਬ ਦੀ ਨੀਂਹ ਰੱਖੀ ਅਤੇ ਉਸ ਸਮੇਂ ਦੇ ਪ੍ਰਚਲਤ ਧਰਮ ਦੀਆਂ ਪ੍ਰੰਪਰਾਵਾਂ ਨੂੰ ਰੱਦ ਕਰ ਦਿੱਤਾ। ਸਾਜ਼ਸ਼ਕਾਰੀਆਂ ਤੋਂ ਇਲਾਵਾ ਕੁਝ ਉਹ ਲਿਖਾਰੀ ਵੀ ਹਨ ਜੋ ਅਗਿਆਨਤਾ ਕਾਰਨ ਲਿਖ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਹਿੰਦੂ ਤੇ ਇਸਲਾਮ ਧਰਮਾਂ ਦੇ ਚੰਗੇ ਗੁਣਾਂ ਨੂੰ ਅਪਣਾਇਆ। ਇਸ ਪਰਥਾਏ ਡਾਕਟਰ ਤਾਰਨ ਸਿੰਘ ਲਿਖਦੇ ਹਨ ਇਹ ਠੀਕ ਹੈ ਕਿ ਗੁਰੂ ਨਾਨਕ ਦਰਸ਼ਨ ਦੇ ਕਈ ਪੱਥ ਵੇਦਾਂ, ਉਪਨਿਸ਼ਦਾਂ ਦੀ ਪ੍ਰੰਪਰਾ ਵਿਚ ਵੇਖੇ ਜਾ ਸਕਦੇ ਹਨ, ਪਰ ਸਿੱਖ ਧਰਮ ਨੇ ਇਕ ਨਵੀਂ ਦ੍ਰਿਸ਼ਟੀ ਦਿੱਤੀ ਅਤੇ ਉਸਨੂੰ ਪਾਪ੍ਰਤ ਕਰਨ ਦਾ ਨਵਾਂ ਰਾਹ ਦੱਸਿਆ।

ਇਹ ਆਖਣਾ ਅਤੇ ਪ੍ਰਵਾਨ ਕਰਨਾ ਪਵੇਗਾ ਕਿ ਗੁਰੂ ਜੀ ਨੇ ਨਿਰਮਲ ਪੰਥ ਦੀ ਨੀਂਹ ਰੱਖੀ। ਜੋ ਗੁਰੂ ਗੋਬਿੰਦ ਸਿੰਘ ਸਮੇਂ ਖਾਲਸਾ ਪੰਥ ਬਣਿਆ। ਗੁਰੂ ਨਾਨਕ ਦੇਵ ਜੀ ਨੇ ਮਹਾਨ ਗੁਰਮਤਿ ਸੰਦੇਸ਼ ਦੁਆਰਾ ਸਮਾਜ ਅੰਦਰ ਪ੍ਰੀਵਰਤਨ ਲਿਆਂਦਾ ਜਿਨ੍ਹਾਂ ਕਰਕੇ ਹਿੰਦੂ ਤੇ ਇਸਲਾਮ ਧਰਮਾਂ ਉਪਰ ਵੀ ਅਸਰ ਹੋਇਆ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ ਸਮਾਜ ਦੇ ਸਭ ਵਰਗਾਂ ਦੇ ਲੋਕਾਂ ਹਰਮਨ ਪਿਆਰੀ ਹੋਈ। ਹਰ ਧਰਮ ਨੇ ਉਨ੍ਹਾਂ ਨੂੰ ਆਪਣਾ ਰਹਿਬਰ ਤਸਲੀਮ ਕੀਤਾ ਤੇ ਪੂਰਾ ਸਤਿਕਾਰ ਦਿੱਤਾ। ਇਹ ਲੋਕ ਬੋਲੀ ਇਸ ਤੱਥ ਦੀ ਸਚਾਈ ਨੂੰ ਪ੍ਰਗਟ ਕਰਨ ਲਈ ਗਵਾਹੀ ਭਰਦੀ ਹੈ, ਨਾਨਕ ਸ਼ਾਹ ਫਕੀਰ ਹਿੰਦੂ ਦਾ ਗੁਰੂ ਮੁਸਲਮ ਕਾ ਪੀਰ। ਭਾਈ ਗੁਰਦਾਸ ਜੀ ਦੀ ਲਿਖਤ ਵੀ ਦੱਸ ਰਹੀ ਹੈ

,ਘਰ ਘਰ ਬਾਬਾ ਪੂਜੀਏ
ਹਿੰਦੂ ਮੁਸਲਮਾਨ ਗੁਆਈ॥
ਛਪੇ ਨਾਂਹਿ ਛਪਾਇਆ
ਚੜਿਆ ਸੂਰਜ ਜਗ ਰੁਸ਼ਨਾਈ॥

ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਦੇ ਅਸਥਾਨ ਤੇ ਤਿੰਨ ਦਿਨ ਅਲੋਪ ਰਹਿਣ ਪਿਛੋਂ ਲੋਕਾਂ ਨੂੰ ਐਲਾਨ ਕਰ ਦਿੱਤਾ ਕਿ ਰੱਬੀ ਹੁਕਮ ਹੈ ਕਿ 'ਨਾ ਕੋਈ ਹਿੰਦੂ , ਨਾ ਕੋਈ ਮੁਸਲਮਾਨ' ਭਾਵ ਇੱਕ ਰੱਬ ਦੇ ਪੁੱਤਰਾਂ ਵਿਚ ਵੰਡੀਆਂ ਨਹੀਂ ਪੈ ਸਕਦੀਆਂ। ਇਹ ਉਸ ਕਾਲ ਅੰਦਰ ਇਕ ਮਹਾਨ ਤੇ ਵਿਲੱਖਣ ਸਿਧਾਂਤ ਸੀ ਅਤੇ ਖੇਰੂੰ ਖੇਰੂ ਹੋਏ ਸਮਾਜ ਲਈ ਅਤਿ ਲੋੜੀਂਦਾ ਸੀ। ਮੁਸਲਮਾਨ ਵਿਦਵਾਨ ਪ੍ਰੋਫੈਸਰ ਮੁਜ਼ੀਬ ਦਾ ਨਿਰਣਾ ਸਪਸ਼ਟ ਹੈ ਜੋ ਆਖ ਰਹੇ ਹਨ ਸ਼ਾਇਦ ਇਕ ਮੁਸਲਮਾਨ ਦਾ ਆਖਣਾ ਅਜ਼ੀਬ ਲਗੇਗਾ ਕਿ ਗੁਰੂ ਨਾਨਕ ਦੇਵ ਜੀ ਇਸਲਾਮ ਤੋਂ ਪ੍ਰਭਾਵਿਤ ਨਹੀਂ ਸਨ। ਡਾਕਟਰ ਏਬੈਨਰਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਪ੍ਰੰਪਰਾ ਦਾ ਅਧਿਐਨ ਅਤੇ ਚਿਤ੍ਰਣ ਪੇਸ਼ ਕਰਦੇ ਹੋਏ ਵੀ ਇਕ ਨਵੇਂ ਅਤੇ ਨਿਰਾਲੇ ਮਤ ਦੇ ਬਾਨੀ ਸਨ, ਜੋ ਗੁਰਮਤਿ ਅਤੇ ਉਸਨੂੰ ਮੰਨਣ ਵਾਲਿਆਂ ਲਈ ਸਿੱਖ ਮਤ ਦੇ ਨਾਂ ਨਾਲ ਸਥਾਪਤ ਹੋਇਆ। ਇਸ ਵਿਲੱਖਣ ਮਤ ਦਾ ਸੰਕੇਤ ਗੁਰੂ ਨਾਨਕ ਦੇਵ ਜੀ ਦੇ ਜੋਗੀਆਂ ਨਾਲ ਸੰਵਾਦ ਨੂੰ ਭਾਈ ਗੁਰਦਾਸ ਜੀ ਨੇ ਵਰਨਣ ਕੀਤਾ ਹੈ,

ਜਦੋਂ ਗੁਰੂ ਨਾਨਕ ਦੇਵ ਜੀ ਦਾ (1469 ਫ਼।ਥ) ਵਿਚ ਆਗਮਨ ਹੋਇਆ, ਉਸ ਵੇਲੇ ਉੱਤਰੀ ਭਾਰਤ ਵਿਚ, ਸਗੋਂ ਦੱਖਣ ਵਿਚ ਵੀ ਇਸਲਾਮੀ ਰਾਜ ਸਥਾਪਤ ਹੋ ਚੁੱਕਾ ਸੀ। ਭਾਰਤੀ ਸਮਾਜ ਦੀ ਦਸ਼ਾ ਨੂੰ ਉਨ੍ਹਾਂ ਨੇ ਆਪਣੀ ਕਲਮ ਦੁਆਰਾ ਇਸ ਤਰ੍ਹਾਂ ਚਿਤਰਿਆ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥

ਗੁਰੂ ਸਾਹਿਬ ਨੇ ਸਮਾਜ ਦਾ ਚਿੱਤਰ ਖਿੱਚਣ ਲੱਗਿਆਂ, ਕੋਈ ਕਾਵਿ ਕਲਪਨਾ ਨਹੀਂ ਕੀਤੀ, ਸਗੋਂ ਅਸਲੀਅਤ ਨੂੰ ਨਿਧੱੜਕ ਹੋਕੇ ਵਰਨਣ ਕੀਤਾ। ਇਸਦੇ ਨਾਲ ਹੀ ਸਮਾਜ ਦੇ ਮੁੱਖ ਆਗੂਆਂ ਦੀ ਕਾਰਗੁਜਾਰੀ ਦੀ ਚੀਰ ਫਾੜ ਕੀਤੀ ਕਿ ਉਨ੍ਹਾਂ ਵਲੋਂ ਸਮੁੱਚੇ ਸਮਾਜ ਦਾ ਉਜਾੜਾ ਕੀਤਾ ਗਿਆ;

ਕਾਦੀ ਕੂੜੁ ਬੋਲਿ ਮਲੁ ਖਾਇ ॥ਬ੍ਰਾਹਮਣੁ ਨਾਵੈ ਜੀਆ ਘਾਇ ॥ਜੋਗੀ ਜੁਗਤਿ ਨ ਜਾਣੈ ਅੰਧੁ ॥ਤੀਨੇ ਓਜਾੜੇ ਕਾ ਬੰਧੁ ॥

ਇਸਤੋਂ ਇਲਾਵਾ ਵਿਦੇਸ਼ੀ ਹਮਲਾਵਰ ਬਾਬਰ ਨੂੰ ਜਾਬਰ ਆਖਣਾ ਜਾਂ ਉਸਦੀ ਫੌਜ਼ ਨੂੰ ਪਾਪ ਦੀ ਜੰਞ ਦਸਣਾ ਕਮਾਲ ਦੀ ਦਲੇਰੀ ਸੀ।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਸਮਾਜ ਅੰਦਰ ਜਾਤ-ਵਰਣ ਦੀ ਬੀਮਾਰੀ ਪੂਰੇ ਜੋਰਾਂ ਸ਼ੋਰਾਂ ਤੇ ਸੀ ਅਤੇ

ਬਾਕੀ ਅਗਲੇ ਅੰਕ 'ਚ



# ਸੱਚਮੁੱਚ ਸ਼ੇਰ-ਏ-ਪੰਜਾਬ ਸੀ ਮਹਾਰਾਜਾ ਰਣਜੀਤ ਸਿੰਘ

ਜਦੋਂ ਹਿੰਦੁਸਤਾਨ ਵਿੱਚ ਮੁਗ਼ਲ ਰਾਜ ਦਾ ਅੰਤ ਹੋ ਰਿਹਾ ਸੀ ਤੇ ਬ੍ਰਿਟਿਸ਼ ਰਾਜ ਈਸਟ ਇੰਡੀਆ ਕੰਪਨੀ ਰਾਹੀਂ ਭਾਰਤੀ ਰਾਜ ਪ੍ਰਬੰਧ ਵਿੱਚ ਦਖ਼ਲਅੰਦਾਜ਼ੀ ਕਰ ਕੇ ਹਿੰਦੁਸਤਾਨ ਦੀ ਵਾਗ ਡੋਰ ਆਪਣੇ ਹੱਥ ਵਿੱਚ ਲੈਣ ਦੇ ਉਪਰਾਲੇ ਕਰ ਰਿਹਾ ਸੀ, ਉਸ ਸਮੇਂ ਹਿੰਦੁਸਤਾਨ ਦੀ ਡਾਵਾਂ ਡੋਲ ਸਥਿਤੀ ਦਾ ਫ਼ਾਇਦਾ ਲੈ ਕੇ ਅਫ਼ਗਾਨ ਧਾੜਵੀ ਅਹਿਮਦ ਸ਼ਾਹ ਅਬਦਾਲੀ ਦਰ੍ਹਾ ਖੈਬਰ ਦੇ ਰਸਤੇ ਦਾਖ਼ਲ ਹੋ ਕੇ ਹਿੰਦੁਸਤਾਨ ਵਿੱਚ ਲੁੱਟ ਮਾਰ ਕਰਦਾ ਸੀ ਤੇ ਦੇਸ਼ ਦਾ ਖ਼ਜ਼ਾਨਾ ਤੇ ਔਰਤਾਂ ਦੀ ਲੁੱਟਮਾਰ ਕਰ ਕੇ ਵਾਪਸ ਅਫ਼ਗਾਨਿਸਤਾਨ ਪਰਤ ਜਾਂਦਾ ਸੀ। ਇਸ ਤੋਂ ਪਹਿਲਾਂ ਮੁਗ਼ਲ ਰਾਜ ਦੇ ਸ਼ਾਸਕਾਂ ਜਹਾਂਗੀਰ ਤੇ ਔਰੰਗਜ਼ੇਬ ਨੇ ਸਿੱਖਾਂ ਤੇ ਹਿੰਦੂਆਂ ਉਪਰ ਬਹੁਤ ਜ਼ੁਲਮ ਕੀਤੇ ਸਨ।

ਸਮੇਂ ਦੇ ਬਦਲਾਅ ਨਾਲ ਉੱਤਰੀ ਭਾਰਤ ਭਾਵ ਪੰਜਾਬ ਵਿੱਚ ਛੋਟੀਆਂ-ਛੋਟੀਆਂ ਰਿਆਸਤੀ ਮਿਸਲਾਂ ਦੀ ਸਥਾਪਨਾ ਹੋਈ। ਮਿਸਲ ਦੇ ਸਰਦਾਰ ਅਫ਼ਗਾਨੀ ਧਾੜਵੀਆਂ ਦਾ ਮੁਕਾਬਲਾ ਕਰਨ ਲਈ ਆਮ ਜਨਤਾ ਤੋਂ ਰਾਖੀ ਦੇ ਰੂਪ ਵਿੱਚ ਮਾਮਲਾ ਲੈ ਕੇ ਉਨ੍ਹਾਂ ਦੀ ਰੱਖਿਆ ਕਰਦੇ ਸਨ। ਇਹ ਮਿਸਲ ਸਰਦਾਰ ਕਿਸੇ ਬਾਹਰਲੇ ਹਮਲੇ ਦੌਰਾਨ ਇਕਮੁੱਠ ਹੋ ਕੇ ਧਾੜਵੀਆਂ ਦਾ ਮੁਕਾਬਲਾ ਕਰਦੇ ਤੇ ਆਮ ਹਾਲਾਤ ਵਿੱਚ ਆਪਸ ਵਿੱਚ ਲੜਦੇ ਰਹਿੰਦੇ ਸਨ।

ਇਨ੍ਹਾਂ ਮਿਸਲਾਂ ਵਿੱਚ ਇੱਕ ਮਿਸਲ ਸ਼ੁਕਰਚੱਕੀਆ ਸੀ, ਜਿਸ ਦਾ ਮੋਢੀ ਸਰਦਾਰ ਬੁੱਧ ਸਿੰਘ ਬਹਾਦਰ ਸੀ। ਉਸ ਕੋਲ 25 ਏਕੜ ਜ਼ਮੀਨ ਤੇ ਕੁਝ ਪਸ਼ੂ ਸਨ, ਜਿਸ ਨਾਲ ਉਹ ਆਪਣਾ ਪਰਿਵਾਰਕ ਗੁਜ਼ਾਰਾ ਕਰਦਾ ਸੀ ਤੇ ਪਿੰਡ ਸ਼ੁਕਰਚੱਕ ਦੇ ਲੋਕਾਂ ਕੋਲੋਂ ਰਾਖੀ ਟੈਕਸ ਲੈ ਕੇ ਬਾਹਰਲੇ ਧਾੜਵੀਆਂ ਤੋਂ ਉਨ੍ਹਾਂ ਦੀ ਰੱਖਿਆ ਕਰਦਾ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਸਿਪਾਹੀ ਸੀ। ਬੁੱਧ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਨੌਧ ਸਿੰਘ ਤੇ ਫਿਰ ਚੜ੍ਹਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੀ ਸਰਦਾਰੀ ਕੀਤੀ। ਉਸ ਸਮੇਂ ਸਾਰੀਆਂ ਸਿੱਖ ਮਿਸਲਾਂ ਨੇ ਰਲ ਕੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਨਾ-ਕਾਮਯਾਬ ਕੀਤੇ ਤੇ ਉਸ ਦੇ ਵਾਪਸ ਅਫ਼ਗਾਨ ਪਰਤਦਿਆਂ ਉਸ ਕੋਲੋਂ ਭਾਰਤੀ ਖ਼ਜ਼ਾਨਾ ਖੋਹ ਲਿਆ। ਫਿਰ ਵੀ ਕੋਹਿਨੂਰ ਹੀਰਾ ਉਹ ਮੁਗ਼ਲਾਂ ਤੋਂ ਲੁੱਟ ਕੇ ਅਫ਼ਗਾਨਿਸਤਾਨ ਲੈ ਗਿਆ ਸੀ। ਅਹਿਮਦ ਸ਼ਾਹ ਅਬਦਾਲੀ ਨੇ ਕੁੱਲ ਸੱਤ ਹਮਲੇ ਦਰ੍ਹਾ ਖੈਬਰ ਦੇ ਰਸਤੇ ਹਿੰਦੁਸਤਾਨ ਉੱਤੇ ਕੀਤੇ ਤੇ ਹਰ ਵਾਰ ਉਸ ਨੂੰ ਸਿੱਖ ਮਿਸਲਾਂ ਦਾ ਸਾਹਮਣਾ ਕਰਨਾ ਪਿਆ। ਸਰਦਾਰ ਚੜ੍ਹਤ ਸਿੰਘ ਵੀ ਗੁਰੂ ਘਰ ਦਾ ਸਿੱਖ ਸੀ, ਪਰ ਅਚਾਨਕ ਖ਼ੁਦ ਕੋਲੋਂ ਗੋਲੀ ਚੱਲਣ ਨਾਲ ਉਸ ਦੀ ਮੌਤ ਹੋ ਗਈ। ਮਗਰੋਂ ਸ਼ੁਕਰਚੱਕੀਆ ਮਿਸਲ ਦੀ ਸਰਦਾਰੀ ਉਨ੍ਹਾਂ ਦੇ ਪੁੱਤਰ ਮਹਾਂ ਸਿੰਘ ਕੋਲ ਆ ਗਈ। ਇਸ ਸਮੇਂ ਤਕ ਸਿੱਖਾਂ ਦੀ ਦਲ ਖ਼ਾਲਸਾ ਫ਼ੌਜ ਤਿਆਰ ਹੋ ਚੁੱਕੀ ਸੀ।

ਮਹਾਂ ਸਿੰਘ ਤੇ ਰਾਜ ਕੌਰ ਦੇ ਘਰ 13 ਨਵੰਬਰ 1780 ਨੂੰ ਰਣਜੀਤ ਸਿੰਘ ਦਾ ਜਨਮ ਹੋਇਆ। 6 ਸਾਲ ਦੀ ਉਮਰ ਵਿੱਚ ਚੇਚਕ ਦੇ ਹਮਲੇ ਕਾਰਨ ਉਸ ਦੀ ਖੱਬੀ ਅੱਖ ਜਾਂਦੀ ਰਹੀ। ਮਿਸਲੀ ਝਗੜਿਆਂ ਦੌਰਾਨ ਮਹਾਂ ਸਿੰਘ ਕੋਲੋਂ ਕਨ੍ਹਈਆ ਮਿਸਲ ਦੇ ਸਰਦਾਰ ਗੁਰਬਖ਼ਸ਼ ਸਿੰਘ ਦੀ ਮੌਤ ਹੋ ਗਈ। ਕਨੱਈਆ ਮਿਸਲ ਦੀ ਸਰਦਾਰਨੀ ਸਦਾ ਕੌਰ ਨੇ ਦੋਵਾਂ ਮਿਸਲਾਂ ਦੀ ਰਾਜ ਸ਼ਕਤੀ ਮਜ਼ਬੂਤ ਕਰਨ ਲਈ ਆਪਣੀ ਲੜਕੀ ਮਹਿਤਾਬ ਕੌਰ ਦਾ ਵਿਆਹ ਰਣਜੀਤ ਸਿੰਘ ਨਾਲ ਕਰ ਦਿੱਤਾ। ਰਣਜੀਤ ਸਿੰਘ ਕਿਸੇ ਸਕੂਲ ਵਿੱਚ ਪੜ੍ਹਨ ਨਹੀਂ ਗਿਆ। ਉਨ੍ਹਾਂ ਸਿਰਫ਼ ਸ਼ਸ਼ਤਰ ਵਿੱਦਿਆ ਅਤੇ ਘੋੜ ਸਵਾਰੀ ਵਿੱਚ ਮੁਹਾਰਤ ਹਾਸਲ ਕੀਤੀ। ਉਹ ਗੁਰਮੁਖੀ ਅਤੇ ਥੋੜ੍ਹੀ ਬਹੁਤ ਫ਼ਾਰਸੀ ਜਾਣਦੇ ਸਨ। ਸਦਾ ਕੌਰ, ਰਣਜੀਤ ਸਿੰਘ ਦੀ ਰਾਜਨੀਤਕ ਗੁਰੂ ਸੀ। ਰਣਜੀਤ ਸਿੰਘ ਨੌਂ ਸਾਲ ਦਾ ਸੀ ਜਦੋਂ ਮਹਾਂ ਸਿੰਘ ਦੀ ਮੌਤ ਹੋ ਗਈ ਤੇ ਮਿਸਲ ਦਾ ਭਾਰ ਰਣਜੀਤ ਸਿੰਘ ਦੇ ਮੋਢਿਆਂ ਉੱਤੇ ਆਣ ਪਿਆ। ਮਹਿਜ਼ 13 ਸਾਲ ਦੀ ਉਮਰ ਵਿੱਚ ਰਣਜੀਤ ਸਿੰਘ ਨੇ ਆਪਣੀ ਪਹਿਲੀ ਜੰਗ ਜਿੱਤੀ। 12 ਅਪਰੈਲ 1801 ਨੂੰ ਗੁਰੂ ਨਾਨਕ ਦੇਵ ਜੀ ਦੀ ਕੁਲ ਦੇ ਵਾਰਸ ਬਾਬਾ ਸਾਹਿਬ ਸਿੰਘ ਬੇਦੀ ਨੇ ਰਣਜੀਤ ਸਿੰਘ ਦਾ ਰਾਜ ਤਿਲਕ ਕੀਤਾ। ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਨੇ ਰਣਜੀਤ ਸਿੰਘ ਉੱਤੇ ਇੱਕਾ ਦੁੱਕਾ ਹਮਲੇ ਕੀਤੇ ਤੇ ਅਖ਼ੀਰ ਰਣਜੀਤ ਸਿੰਘ ਨੇ ਉਸ ਨੂੰ ਜੰਗ ਲਈ ਲਲਕਾਰਿਆ। ਇਸ ਜੰਗ ਵਿੱਚ ਸ਼ਾਹ ਜ਼ਮਾਨ ਨੂੰ ਕਰਾਰੀ ਹਾਰ ਦੇ ਕੇ ਵਾਪਸ ਅਫ਼ਗਾਨਿਸਤਾਨ ਭਜਾ ਦਿੱਤਾ ਤੇ ਦਰ੍ਹਾ ਖੈਬਰ ਦਾ ਰਸਤਾ ਰਣਜੀਤ ਸਿੰਘ ਨੇ ਸਦਾ ਲਈ ਬੰਦ ਕਰ ਦਿੱਤਾ।

ਹੌਲੀ ਹੌਲੀ ਨਾਲ ਲੱਗਦੀਆਂ ਮਿਸਲਾਂ ਨੂੰ ਰਣਜੀਤ ਸਿੰਘ ਨੇ ਆਪਣੇ ਅਧੀਨ ਕਰ ਲਿਆ। 9 ਫ਼ਰਵਰੀ 1819 ਨੂੰ ਉਸ ਨੇ ਅੰਗਰੇਜ਼ਾਂ ਨਾਲ ਅੰਮ੍ਰਿਤਸਰ ਦੀ ਸੰਧੀ ਕੀਤੀ ਕਿ ਅੰਗਰੇਜ਼ ਦਰਿਆ ਸਤਲੁਜ ਦੇ ਪਾਰ ਉੱਤਰ, ਪੂਰਬ ਅਤੇ ਪੱਛਮ ਵੱਲ ਆਪਣੇ ਪੈਰ ਨਹੀਂ ਰੱਖਣਗੇ। ਜਦੋਂ ਤਕ ਰਣਜੀਤ ਸਿੰਘ ਜ਼ਿੰਦਾ ਰਿਹਾ, ਅੰਗਰੇਜ਼ਾਂ ਨੇ ਉਸ ਦੇ ਖ਼ਾਲਸਾ ਰਾਜ ਵੱਲ ਮੂੰਹ ਨਹੀਂ ਕੀਤਾ ਅਤੇ ਦਰਿਆ ਸਤਲੁਜ ਦੇ ਦੱਖਣ ਤਕ ਸੀਮਤ ਰਹੇ।

ਸ਼ਾਹ ਮਹਿਮੂਦ ਨੇ ਕਾਬਲ ਦਾ ਰਾਜ ਸੰਭਾਲ ਕੇ ਸ਼ਾਹ ਸ਼ੂਜਾ ਨੂੰ ਸ਼ੇਰਗੜ੍ਹੀ (ਸ੍ਰੀਨਗਰ) ਦੇ ਕਿਲ੍ਹੇ ਵਿੱਚ ਕੈਦ ਕਰ ਲਿਆ। ਸ਼ਾਹ ਸੂਜਾ ਕੋਲ ਕੋਹਿਨੂਰ ਹੀਰਾ ਸੀ। ਵਫ਼ਾ ਬੇਗ਼ਮ ਨੇ ਰਣਜੀਤ ਸਿੰਘ ਕੋਲ ਫ਼ਰਿਆਦ ਕੀਤੀ ਕਿ ਸ਼ਾਹ ਸ਼ੂਜਾ ਨੂੰ ਕੈਦ ਵਿੱਚੋਂ ਛੁਡਵਾ ਦੇਵੇ ਤਾਂ ਉਹ ਉਨ੍ਹਾਂ ਨੂੰ ਕੋਹਿਨੂਰ ਹੀਰਾ ਸੌਂਪ ਦੇਵੇਗੀ। ਰਣਜੀਤ ਸਿੰਘ ਨੇ ਆਪਣੀ ਸੂਝਵਾਨ ਨੀਤੀ ਸਦਕਾ ਸ਼ਾਹ ਸੂਜਾ ਨੂੰ ਛੁਡਵਾ ਲਿਆ ਤੇ ਲਾਹੌਰ ਲੈ ਆਇਆ। ਕੋਹਿਨੂਰ ਹੀਰਾ ਹਾਸਲ ਕਰ ਕੇ ਰਣਜੀਤ ਸਿੰਘ ਨੇ ਸ਼ਾਹ ਸ਼ੂਜਾ ਨੂੰ ਕਾਬਲ ਦਾ ਰਾਜਾ ਬਣਾ ਦਿੱਤਾ।

ਰਣਜੀਤ ਸਿੰਘ ਦੀ ਇੱਕ ਹੋਰ ਪ੍ਰਾਪਤੀ ਇਹ ਸੀ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਆਪਣੀ ਜੋ ਕਲਗੀ ਆਪਣੇ ਇੱਕ ਸਿੱਖ ਸੰਗਤ ਸਿੰਘ ਦੀ ਦਸਤਾਰ ਉੱਪਰ ਚਮਕੌਰ ਦੀ ਗੜ੍ਹੀ ਵਿਖੇ ਸਜਾਈ ਸੀ, ਨੂੰ ਸੰਗਤ ਸਿੰਘ ਦੇ ਪੋਤਰੇ ਜਾਂ ਪੜਪੋਤਰੇ ਭਾਰਾ ਸਿੰਘ ਤੋਂ 1,25,000 ਮੋਹਰਾਂ ਦੇ ਕੇ ਪ੍ਰਾਪਤ ਕੀਤੀ ਸੀ। ਲਾਹੌਰ ਕਿਲ੍ਹੇ ਦੀ ਉਪਰਲੀ ਮਮਟੀ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਉਨ੍ਹਾਂ ਅੱਗੇ ਇਹ ਕਲਗੀ ਭੇਟ ਕੀਤੀ ਗਈ। ਰਣਜੀਤ ਸਿੰਘ ਨੇ ਇਹ ਕਲਗੀ ਕਦੇ ਵੀ ਆਪਣੀ ਦਸਤਾਰ ਉੱਤੇ ਨਹੀਂ ਸਜਾਈ ਸੀ। ਇਸੇ ਤਰ੍ਹਾਂ ਭੰਗੀ ਮਿਸਲ ਦੇ ਸਰਦਾਰ ਗੁਲਾਬ ਸਿੰਘ ਪਾਸੋਂ ਅੰਮ੍ਰਿਤਸਰ ਜਿੱਤ ਕੇ ਰਣਜੀਤ ਸਿੰਘ ਨੇ ਉਸ ਸਮੇਂ ਦੀ ਸਭ ਤੋਂ ਵੱਡੀ ਤੋਪ 'ਜਮ-ਜਮ ਤੋਪ' ਹਾਸਲ ਕੀਤੀ ਸੀ। ਇਸ ਵਿੱਚ ਇੱਕੋ ਸਮੇਂ ਲਗਪਗ 23 ਕਿੱਲੋ ਬਾਰੂਦ ਪੈਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਦਰਬਾਰ ਤੇ ਸੈਨਾ ਵਿੱਚ ਹਰ ਧਰਮ ਦੇ ਲੋਕ ਸ਼ਾਮਲ ਸਨ। ਰਣਜੀਤ ਸਿੰਘ ਦੇ 40 ਸਾਲਾ ਰਾਜ ਕਾਲ ਦੌਰਾਨ ਉਨ੍ਹਾਂ ਦਾ ਨਿਆਂ ਪ੍ਰਬੰਧ ਇੰਨਾ ਉੱਚਾ ਸੀ ਕਿ ਇਸ ਸਮੇਂ ਦੌਰਾਨ ਕਿਸੇ ਵੀ ਅਪਰਾਧੀ ਨੂੰ ਮੌਤ ਦੀ ਸਜ਼ਾ ਨਹੀਂ ਸੁਣਾਈ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਉਪਰ ਸਿਕੰਦਰੇ-ਆਜ਼ਮ ਦੇ ਵਿਅਕਤੀਤਵ ਦਾ ਬਹੁਤ ਪ੍ਰਭਾਵ ਰਿਹਾ ਹੈ। ਰਣਜੀਤ ਸਿੰਘ ਨੇ ਜਿੱਤੇ ਹੋਏ ਮੁਲਕਾਂ ਦੇ ਰਾਜਿਆਂ ਨਾਲ ਉਹੀ ਵਿਹਾਰ ਕੀਤਾ, ਜੋ ਸਿਕੰਦਰ ਨੇ ਕੀਤਾ ਸੀ। ਹਮਲਿਆਂ ਦੌਰਾਨ ਲੁੱਟ ਦਾ ਸਾਮਾਨ ਹਮੇਸ਼ਾ ਖ਼ਾਲਸਾ ਰਾਜ ਦੇ ਤੋਸ਼ੇਖਾਨੇ ਦਾ ਹਿੱਸਾ ਰਿਹਾ, ਕਦੇ ਵੀ ਵਿਅਕਤੀਤਵ ਲੁੱਟ ਮਾਰ ਨਹੀਂ ਹੋਈ। ਇਸ ਕਰਕੇ ਹੀ ਖ਼ਾਲਸਾ ਰਾਜ ਕੰਧਾਰ ਤੋਂ ਤਿੱਬਤ ਤਕ ਫੈਲਿਆ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੌਰਾਨ ਕਿਸੇ ਵੀ ਧਾਰਮਿਕ ਮਾਮਲੇ ਵਿੱਚ ਰਾਜਨੀਤਕ ਦਖ਼ਲ ਨਹੀਂ ਦਿੱਤਾ। ਹਰੇਕ ਨੂੰ ਆਪਣਾ ਧਰਮ ਮੰਨਣ ਦੀ ਆਜ਼ਾਦੀ ਸੀ। ਮਹਾਰਾਜਾ ਰਣਜੀਤ ਸਿੰਘ 27 ਜੂਨ, 1839 ਨੂੰ ਖ਼ਾਲਸਾ ਰਾਜ ਨੂੰ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਦੀ ਮੌਤ ਤੋਂ ਬਾਅਦ ਖ਼ਾਲਸਾ ਰਾਜ ਆਪਸੀ ਝਗੜਿਆਂ ਕਾਰਨ ਖਿੰਡ-ਪੁੰਡ ਗਿਆ ਤੇ ਖ਼ਾਲਸਾ ਰਾਜ ਉਪਰ ਬ੍ਰਿਟਿਸ਼ ਰਾਜ ਨੇ ਪੈਰ ਪਸਾਰ ਲਏ। ਖ਼ਾਲਸਾ ਰਾਜ ਦਾ ਕੋਹਿਨੂਰ ਹੀਰਾ, ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਅਤੇ ਬਹੁਤ ਸਾਰਾ ਖ਼ਜ਼ਾਨੇ ਦਾ ਮਾਲ ਬ੍ਰਿਟਿਸ਼ ਸਰਕਾਰ ਇੰਗਲੈਂਡ ਲੈ ਗਈ।

# ਇੱਥੋਂ ਕੁਲ ਪਰਿੰਦੇ ਹੀ ਉਡ਼ ਗਏ

**ਡਾ. ਬਲਵਿੰਦਰ ਸਿੰਘ ਲੱਖੇਵਾਲੀ**

ਮਾਏ ਮੈਂ ਘੜਵੰਜੀ ਲਿਪਾਈ ਨੀ,
ਉੱਤੋਂ ਦੀ ਲੰਘ ਗਿਆ ਮੋਰ,
ਮੋਰਾ ਵੇ ਉੱਡ-ਉੱਡ ਜਾਈਂ ਵੇ,
ਤੇਰੀ ਕਲਗੀ ਨੂੰ ਪਾਵਾਂ ਡੋਰ॥
ਮੋਰਾ ਵੇ ਪਾ ਗਲਵੱਕੜੀ ਵੇ,
ਮੇਰੀ ਮੋਰਾਂ ਵਰਗੀ ਤੋਰ॥

ਇਹ ਕੋਈ ਸਦੀਆਂ ਪੁਰਾਣੀ ਗੱਲ ਨਹੀਂ, ਬਲਕਿ ਥੋੜ੍ਹੇ ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਮੋਰ ਕੂਕਦੇ, ਪੈਲਾਂ ਪਾਉਂਦੇ ਤੇ ਅਨੇਕਾਂ ਪੰਛੀਆਂ ਦੀ ਚਹਿ-ਚਹਾਟ ਸੁਣਨ ਨੂੰ ਮਿਲਦੀ ਸੀ। ਉਦੋਂ ਲੋਕਾਂ ਨੂੰ 'ਬਰਡ ਵਾਚਿੰਗ' ਯਾਨੀ ਪੰਛੀਆਂ ਨੂੰ ਵਿਸ਼ੇਸ਼ ਤੌਰ 'ਤੇ ਵੇਖਣ ਜਾਣਾ, ਉਹ ਵੀ ਮਹਿੰਗੇ ਕੈਮਰੇ ਅਤੇ ਦੂਰਬੀਨਾਂ ਖ਼ਰੀਦਣ ਦਾ ਰੁਝਾਨ ਨਹੀਂ ਸੀ ਹੁੰਦਾ। ਗ਼ਰੀਬ ਜਾਂ ਮੱਧ ਵਰਗੀ ਪਰਿਵਾਰਾਂ ਦੇ ਮੈਂਬਰਾਂ ਦਾ ਗਾਈਡ ਘਰ ਦਾ ਵੱਡਾ ਬਜ਼ੁਰਗ, ਬਾਪੂ-ਦਾਦਾ ਹੀ ਹੁੰਦਾ ਸੀ ਤੇ ਘਰੀਂ ਜਾਂ ਖੇਤੀਂ ਤੁਰਦਿਆਂ ਫਿਰਦਿਆਂ ਸਭਨਾਂ ਨਾਲ ਜਾਣ ਪਛਾਣ ਹੋ ਜਾਂਦੀ ਸੀ। ਸਾਡੇ ਆਪਣੇ ਘਰ ਦੇ ਦਰੀਂ ਲੱਗੀ ਕਿੱਕਰ ਉੱਪਰ ਹਰ ਸਾਲ ਬਿਜੜੇ ਆਲ੍ਹਣਾ ਬਣਾਉਂਦੇ ਸਨ ਤੇ ਅਸੀਂ ਰੀਝਾਂ ਨਾਲ ਤੀਲਾਂ ਚੁਗ ਕੇ ਲਿਆਉਂਦੇ ਤੇ ਆਲ੍ਹਣਾ ਬਣਾ ਰਹੇ ਬਿਜੜੇ ਨੂੰ ਵੇਖਦੇ ਸੀ। ਕੋਇਲਾਂ, ਘੁੱਗੀਆਂ, ਗਟਾਰਾਂ, ਮੈਨਾ, ਕੂੰਜਾਂ, ਟਟੀਰੀਆਂ, ਚੱਕੀ ਰਾਹੇ, ਤੋਤੇ, ਹਰੀਅਲ, ਮਮੋਲੇ, ਚਿੜੀਆਂ, ਮੁਰਗਾਬੀਆਂ ਆਦਿ ਸਭ ਨਾਲ ਜਾਣ-ਪਛਾਣ ਕਰਾਉਣ ਵਾਲਾ ਬਾਪੂ ਹੀ ਹੁੰਦਾ ਸੀ। ਪਰ ਅਫ਼ਸੋਸ! ਹੁਣ ਹਰ ਪਿੰਡ ਵਿੱਚ ਅਜਿਹਾ ਦਿਨ-ਬ-ਦਿਨ ਘਟਦਾ ਜਾ ਰਿਹਾ ਹੈ। ਤਰੱਕੀ ਦੀਆਂ ਪੌੜੀਆਂ ਚੜ੍ਹ ਰਿਹਾ ਇਨਸਾਨ ਦਿਨ-ਬ-ਦਿਨ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ। ਸਾਡੀ ਜੀਵਨ ਜਾਚ ਵਿੱਚ ਐਨਾ ਜ਼ਿਆਦਾ ਸ਼ੋਰ-ਸ਼ਰਾਬਾ ਅਤੇ ਬਣਾਵਟੀ ਪਣ ਵਧ ਚੁੱਕਿਆ ਹੈ ਕਿ ਕੁਦਰਤ ਦੀਆਂ ਨਿਆਮਤਾਂ ਸਾਡੇ ਤੋਂ ਦੂਰ-ਦੁਰੇਡੇ ਜਾ ਰਹੀਆਂ ਹਨ। ਪੰਛੀਆਂ ਦੇ ਰੈਣ-ਬਸੇਰੇ ਰੁੱਖ ਝਾੜੀਆਂ ਹਨ ਅਤੇ ਉਹ ਅਸੀਂ ਸੁੱਖ ਨਾਲ ਦਿਨ-ਬ-ਦਿਨ ਖ਼ਤਮ ਕਰਦੇ ਜਾ ਰਹੇ ਹਾਂ। ਮਨੁੱਖ ਨੇ ਆਪਣੀਆਂ ਮੁੱਢਲੀਆਂ ਲੋੜਾਂ ਕੁਦਰਤੀ ਦਾਤਾਂ ਨਾਲੋਂ ਬਣਾਵਟੀ ਵਸਤਾਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਹੈ। ਕਦੇ ਕਿਸੇ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਸਾਡੇ ਚਿੜੀਆਂ ਦੇ ਚੰਬੇ ਸਾਡੇ ਤੋਂ ਕੰਨੀ ਕੁਤਰਾਉਣਾ ਸ਼ੁਰੂ ਕਰ ਦੇਣਗੇ। ਮੋਰਾਂ ਦੀਆਂ ਪੈਲਾਂ ਸੁਹਾਣੇ ਮੌਸਮ ਦੀ ਬਜਾਏ, ਨਵੀਂ ਪੀੜ੍ਹੀ 'ਯੂ-ਟਿਊਬ' ਉੱਪਰ ਵੇਖ ਕੇ ਦਿਲ ਪਰਚਾਵਾ ਕਰਿਆ ਕਰੇਗੀ। 'ਡਿਸਕਵਰੀ' ਵਰਗੇ ਟੀ.ਵੀ. ਚੈਨਲਾਂ ਰਾਹੀਂ ਸਾਡੇ ਬੱਚੇ ਤਿੱਤਰ-ਬਟੇਰੇ, ਬਾਜ, ਇੱਲਾਂ ਆਦਿ ਪੰਛੀਆਂ ਦੇ ਨਾਲ ਰੂ-ਬ-ਰੂ ਹੋਇਆ ਕਰਨਗੇ। ਕਿਸ ਨੇ ਸੋਚਿਆ ਸੀ ਕਿ ਕਦੇ ਕੁਦਰਤ ਜਾਂ ਪੰਛੀ ਪ੍ਰੇਮੀਆਂ ਨੂੰ ਪੰਛੀਆਂ ਖਾਤਰ ਲੱਕੜ ਦੇ ਆਲ੍ਹਣੇ ਬਣਾਉਣੇ ਪੈਣਗੇ?

ਜੇਕਰ ਆਮ ਇਨਸਾਨ ਤੇ ਸਰਕਾਰਾਂ ਰਲ ਕੇ ਵਿਉਂਤਬੰਦੀ ਕਰਨ ਤਾਂ ਅਜੇ ਵੀ ਕੁਝ ਹੋ ਸਕਦਾ ਹੈ। ਸਭ ਤੋਂ ਮੁੱਢਲੀ ਗੱਲ ਤਾਂ ਇਹ ਹੈ ਕਿ ਅੱਜ ਵੀ ਹਰ ਪਿੰਡ-ਸ਼ਹਿਰ ਲੋਕ ਫੁੱਲ-ਬੂਟਿਆਂ, ਬਾਗ਼-ਬਗੀਚਿਆਂ ਦੇ ਸ਼ੌਕੀਨ ਹਨ ਅਤੇ ਹਰ ਸਾਲ ਲੱਖਾਂ ਪੌਦੇ ਪੰਜਾਬ ਦੀ ਧਰਤ 'ਤੇ ਲਾਏ ਜਾਂਦੇ ਹਨ, ਜਿਨ੍ਹਾਂ ਨੂੰ ਪੰਛੀਆਂ ਮੁਤਾਬਕ ਵਿਉਂਤਬੰਦੀ ਹੇਠ ਲਿਆਂਦਾ ਜਾ ਸਕਦਾ ਹੈ। ਫ਼ਲ ਅਤੇ ਰਸ ਵਾਲੇ ਫੁੱਲ ਇਨ੍ਹਾਂ ਦੀ ਮੁੱਖ ਖੁਰਾਕ ਹਨ। ਸਾਨੂੰ ਆਪਣੀਆਂ ਬਗ਼ੀਚੀਆਂ ਵਿੱਚ ਪੰਛੀਆਂ ਦੇ ਖਾਣਯੋਗ ਪਦਾਰਥਾਂ ਦਾ ਹੱਲ ਮੁੱਖ ਰੂਪ ਵਿੱਚ ਕਰਨਾ ਚਾਹੀਦਾ ਹੈ। ਜਿਸ ਖਾਤਰ ਅਜਿਹੇ ਰੁੱਖ ਲਾਉਣੇ ਚਾਹੀਦੇ ਹਨ, ਜਿਨ੍ਹਾਂ ਦੇ ਫ਼ਲਾਂ ਨੂੰ ਪੰਛੀ ਚਾਅ ਨਾਲ ਖਾਂਦੇ ਹਨ। ਤੂਤ, ਮੰਦਾਰ, ਢੱਕ, ਅੰਬ, ਜਾਮਨ, ਲਲਟਾਨਾ, ਸਿੰਬਲ, ਪਿੱਪਲ, ਬੋਹੜ, ਗੁੜਹਲ, ਗੁਲਾਬ ਆਦਿ ਦੇ ਰੁੱਖ ਪੰਛੀਆਂ



ਲਈ ਬੜੇ ਢੁਕਵੇਂ ਹਨ। ਇਨ੍ਹਾਂ ਤੋਂ ਇਲਾਵਾ ਪੰਛੀਆਂ ਖਾਤਰ ਛੋਟੀਆਂ ਬਗ਼ੀਚੀਆਂ ਵਿੱਚ ਦਾਲਾਂ, ਅਨਾਜ ਅਤੇ ਸੂਰਜਮੁਖੀ ਆਦਿ ਫੁੱਲਾਂ ਦੇ ਬੀਜ ਚੋਗੇ ਖਾਤਰ ਪਾਉਣੇ ਚਾਹੀਦੇ ਹਨ। ਪਰ ਸਥਾਨ ਅਜਿਹਾ ਹੋਣਾ ਚਾਹੀਦਾ ਹੈ, ਜਿੱਥੇ ਕਾਟੋ ਤੋਂ ਬਚਾਅ ਕੀਤਾ ਜਾ ਸਕੇ। ਰੋਟੀ ਜਾਂ ਵੱਡੀਆਂ ਵਸਤਾਂ ਉੱਪਰ ਕਾਂ ਬਹੁਤ ਝਪਟਦੇ ਹਨ ਅਤੇ ਛੋਟੇ ਪੰਛੀਆਂ ਦੀ ਆਮਦ ਘੱਟ ਹੁੰਦੀ ਹੈ। ਫ਼ਲਾਂ ਵਾਲੇ ਦਰੱਖ਼ਤ ਬੇਰ, ਮਲ੍ਹੇ, ਅਮਰੂਦ ਆਦਿ ਵੀ ਪੰਛੀਆਂ ਦੀ ਪਸੰਦੀਦਾ ਖੁਰਾਕ ਹੁੰਦੀ ਹੈ। ਖਾਣ ਵਾਲੀਆਂ ਵਸਤਾਂ ਦੇ ਨਾਲ-ਨਾਲ ਬਗ਼ੀਚੀਆਂ ਵਿੱਚ ਪਾਣੀ ਦਾ ਖ਼ਾਸ ਪ੍ਰਬੰਧ ਹੋਣਾ ਚਾਹੀਦਾ ਹੈ। ਵੱਡੀਆਂ ਬਗ਼ੀਚੀਆਂ ਵਿੱਚ ਕਈ ਤਰੀਕਿਆਂ ਰਾਹੀਂ ਪਾਣੀ ਸਟੋਰ ਕੀਤਾ ਜਾਂਦਾ ਹੈ, ਪਰ ਛੋਟੀਆਂ ਬਗ਼ੀਚੀਆਂ ਵਿੱਚ 'ਬਰਡ ਬਾਥ' ਯਾਨੀ ਮਿੱਟੀ ਜਾਂ ਕਿਸੇ ਹੋਰ ਸਮੱਗਰੀ ਦੇ ਬਣੇ ਬਰਤਨ ਰੱਖਣੇ ਚਾਹੀਦੇ ਹਨ, ਜਿਨ੍ਹਾਂ ਵਿੱਚੋਂ ਪੰਛੀ ਪਾਣੀ ਅਸਾਨੀ ਨਾਲ ਪੀ ਸਕਣ। 'ਬਰਡ ਫੀਡਰ' ਯਾਨੀ ਪੰਛੀਆਂ ਲਈ ਦਾਣੇ ਆਦਿ ਪਾਉਣ ਖਾਤਰ ਵੀ ਬਹੁਤ ਵਧੀਆ ਢਾਂਚੇਨੁਮਾ ਵਸਤਾਂ ਬਾਜ਼ਾਰੋਂ ਮਿਲ ਜਾਂਦੀਆਂ ਹਨ।

ਸਭ ਤੋਂ ਮਹੱਤਵਪੂਰਨ ਤੇ ਅਹਿਮ ਗੱਲ ਇਹ ਹੈ ਕਿ ਬਹੁਤ ਜ਼ਿਆਦਾ ਪੰਛੀ ਦਾਲਾਂ ਜਾਂ ਅਨਾਜ ਦੇ ਨਾਲ-ਨਾਲ ਕੀੜੇ-ਮਕੌੜੇ ਖਾਣਾ ਬਹੁਤ ਪਸੰਦ ਕਰਦੇ ਹਨ। ਪਰ ਅੱਜਕੱਲ੍ਹ ਉਹ ਮਿਲਦੇ ਹੀ ਬੜੇ ਘੱਟ ਹਨ। ਕਿਉਂਕਿ ਅਸੀਂ ਆਪਣੇ ਖੇਤਾਂ ਤਾਂ ਕੀ ਘਰੇਲੂ ਬਗ਼ੀਚੀਆਂ ਤਕ ਰਸਾਇਣਿਕ ਖਾਦਾਂ 'ਤੇ ਜ਼ਹਿਰਾਂ ਦੀ ਵਰਤੋਂ ਐਨੀ ਜ਼ਿਆਦਾ ਕਰ ਦਿੱਤੀ ਹੈ ਜਿਸ ਕਾਰਨ ਕੀੜਾ-ਮਕੌੜਾ ਪੰਛੀਆਂ ਨੂੰ ਮਿਲਦਾ ਘੱਟ ਹੈ। ਆਪਣੇ ਬਾਗ਼-ਬਗ਼ੀਚੀਆਂ ਵਿੱਚ ਪੰਛੀਆਂ ਦੀ ਆਮਦ ਵਧਾਉਣ ਦਾ ਬਹੁਤ ਵੱਡਾ ਨੁਸਖਾ ਇਹ ਹੈ ਕਿ ਜੈਵਿਕ ਤਰੀਕੇ ਨਾਲ ਫੁੱਲ-ਫ਼ਲ ਸਬਜ਼ੀਆਂ ਉਗਾਉਣਾ ਤੁਹਾਡੀ ਸਿਹਤ ਲਈ ਵੀ ਲਾਭਕਾਰੀ ਤੇ ਪੰਛੀਆਂ ਦੀ ਖੁਰਾਕ ਲਈ ਵੀ ਉੱਤਮ।

ਉੱਡੀਂ ਵੇ ਤਿੱਤਰਾ, ਉੱਡੀਂ ਵੇ ਮੋਰਾ,
ਉੱਡੀਂ ਵੇ ਕਾਲਿਆ ਕਾਵਾਂ।
ਪਹਿਲਾ ਸੁਨੇਹਾ ਮੇਰੇ ਮਾਪਿਆਂ
ਨੂੰ ਦੇਵੀਂ, ਦੂਜਾ ਭੈਣ-ਭਰਾਵਾਂ।
ਤੀਜਾ ਸੁਨੇਹਾ ਮੇਰੇ ਪਿੱਪਲਾਂ ਨੂੰ
ਦੇਵੀਂ, ਜਿੱਥੇ ਮੈਂ ਪੀਘਾਂ ਪਾਵਾਂ...

ਸਾਡੀ ਇਹ ਲੋਕ ਬੋਲੀ ਸਾਫ਼ ਤੇ ਸਪੱਸ਼ਟ ਦਰਸਾਉਂਦੀ ਹੈ ਕਿ ਕਿਵੇਂ ਪੰਛੀ ਅਤੇ ਰੁੱਖ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਸਨ। ਜੋ ਤਰੱਕੀ ਦੇ ਦੌਰ ਨੇ ਸਾਥੋਂ ਨਿਖੇੜ ਕੇ ਰੱਖ ਦਿੱਤੇ ਹਨ। ਪਰ ਅੱਜ ਵੀ ਬੜੇ ਅਜਿਹੇ ਸੱਜਣ ਸਾਡੇ ਸਮਾਜ ਵਿੱਚ ਮੌਜੂਦ ਹਨ ਜਿਹੜੇ ਕੁਦਰਤ ਅਤੇ ਉਸ ਦੀਆਂ ਨਿਆਮਤਾਂ ਨੂੰ ਮੋਹ ਵੀ ਕਰਦੇ ਹਨ ਅਤੇ ਉਨ੍ਹਾਂ ਖਾਤਰ ਨਿੱਜੀ ਜਾਂ ਸੰਸਥਾਵਾਂ ਦੇ ਰੂਪ ਵਿੱਚ ਬੜੇ ਚੰਗੇ ਕਾਰਜ ਕਰਦੇ ਹਨ। ਪਰ ਮੇਰੀ ਕੁਝ ਸੱਜਣਾਂ ਨੂੰ ਇਹ ਗੁਜ਼ਾਰਿਸ਼ ਜ਼ਰੂਰ ਹੈ ਕਿ ਜੇ ਉਹ ਸੋਚਦੇ ਹਨ ਕਿ ਲੱਕੜ ਦੇ ਬਣਾਏ ਆਲ੍ਹਣਿਆਂ ਨਾਲ ਅਸੀਂ ਪੰਛੀ ਬਚਾ ਲਵਾਂਗੇ ਤਾਂ ਉਹ ਕੁਝ ਹੱਦ ਤਕ ਹੀ ਠੀਕ ਹੈ। ਕਿਉਂਕਿ ਜੇਕਰ ਤਕਨੀਕੀ ਰੂਪ ਵਿੱਚ ਵੇਖਿਆ ਜਾਵੇ ਤਾਂ ਪੰਜਾਬ ਵਿੱਚ ਤਕਰੀਬਨ 300 ਦੇ ਕਰੀਬ ਪੰਛੀਆਂ ਦੀਆਂ ਜਾਤੀਆਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ 5-7 ਹੀ ਅਜਿਹੇ ਹਨ, ਜਿਹੜੇ ਇਨ੍ਹਾਂ ਲੱਕੜ ਦੇ ਆਲ੍ਹਣਿਆਂ ਵਿੱਚ ਰਹਿਣਾ ਪਸੰਦ ਕਰਦੇ ਹਨ। ਦਰਅਸਲ, ਕੁਦਰਤ ਬੜੀ ਵਿਸ਼ਾਲ ਹੈ। ਇੱਕ ਪਾਸੇ ਤਾਂ ਟਟਹੀਰੀ ਮਿੱਟੀ ਦੀਆਂ ਢੀਮਾਂ ਵਿੱਚ ਆਂਡੇ ਦੇਣਾ ਬਸੰਦ ਕਰਦੀ ਹੈ ਅਤੇ ਦੂਜੇ ਪਾਸੇ ਇੱਲ੍ਹਾਂ, ਗਿਰਝਾਂ ਬੋਹੜਾਂ, ਪਿੱਪਲਾਂ ਵਰਗੇ ਉੱਚੇ ਲੰਮੇ ਦਰੱਖਤਾਂ ਉੱਪਰ ਆਲ੍ਹਣੇ ਪਾਉਣੇ ਪਸੰਦ ਕਰਦੀਆਂ ਹਨ। ਰੰਗ-ਬਿਰੰਗੇ ਲੱਕੜ ਦੇ ਆਲ੍ਹਣੇ ਬਣਾਉਣ ਨਾਲੋਂ ਵੱਧ ਤੋਂ ਵੱਧ ਰੁੱਖ-ਝਾੜੀਆਂ ਲਾਉਣੇ ਹੀ ਇਨ੍ਹਾਂ ਲਈ ਲਾਭਕਾਰੀ ਹਨ। ਤੁਸੀਂ ਬਿਜੜੇ ਦੀ ਉਦਾਹਰਨ ਹੀ ਲੈ ਲਵੋ। ਉਸ ਨੇ ਆਪਣੀ ਚੁੰਝ ਰਾਹੀਂ ਤੀਲ੍ਹਾ-ਤੀਲ੍ਹਾਂ ਇਕੱਠਾ ਕਰਕੇ ਆਪਣੇ ਮਹਿਬੂਬ ਨੂੰ ਖ਼ੂਬਸੂਰਤ ਆਲ੍ਹਣੇ ਨਾਲ ਆਕਰਸ਼ਿਤ ਕਰਨਾ ਹੁੰਦਾ ਹੈ।






# ਜ਼ਿੰਦਗੀ ਦਾ ਹੁਲਾਰਾ ਹਨ ਲੋਕ ਨਾਚ

ਪ੍ਰਿਤਪਾਲ ਮਾਹਲ

ਲੋਕ ਨਾਚ ਆਪਣੇ ਸਮੇਂ ਦੀ ਰਹਿਣੀ-ਬਹਿਣੀ ਤੇ ਕੁਦਰਤੀ ਵਾਤਾਵਰਣ ਦਾ ਸਹੀ ਦਰਪਣ ਹੁੰਦੇ ਹਨ ਕਿਉਂਕਿ ਨੱਚਣ ਵਾਲਾ ਸਾਰੇ ਨਾਚ ਕਰਮ ਆਪਣੇ ਆਲੇ ਦੁਆਲੇ ਦੇ ਜੀਵਨ ਵਿੱਚੋਂ ਲੈਂਦਾ ਹੈ। ਸ਼ੁਰੂ ਵਿੱਚ ਨਾਚ, ਗੀਤ ਤੇ ਸੰਗੀਤ ਤਿੰਨੇ ਰਲੇ ਮਿਲੇ ਹੁਨਰ ਸਨ, ਤਿੰਨੇ ਖ਼ੁਸ਼ੀ ਦਾ ਸਾਧਨ ਸਨ, ਪਰ ਜਿਉਂ ਸੱਭਿਅਤਾ ਵੱਧਦੀ ਗਈ ਇਹ ਤਿੰਨ ਹੁਨਰ ਇੱਕ ਦੂਜੇ ਤੋਂ ਦੂਰ ਹੁੰਦੇ ਗਏ। ਨਾਚ ਵਧਕੇ ਨਾਟ ਸ਼ਾਸਤਰ ਦੇ ਨਿਯਮਾਂ ਵਿੱਚ ਬੱਝ ਗਿਆ,ਗੀਤ ਪਿੰਗਲ ਦੇ ਬੰਧਨਾਂ ਵਿੱਚ ਜਕੜਿਆ ਗਿਆ ਤੇ ਰਾਗ ਸ਼ਾਸਤਰੀ ਸੰਗੀਤ ਵਿੱਚ।ਸਾਜ਼ ਸੰਗੀਤ ਢੋਲਕ ਦੀ ਤਾਲ ਤੋਂ ਵਧਦਾ ਇੰਨੇ ਸਾਜ਼ਾਂ ਵਿੱਚ ਫੈਲ ਗਿਆ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਨਾਂ ਤਾਂ ਕੀ ਗਿਣਤੀ ਵੀ ਯਾਦ ਨਹੀਂ ਰਹਿੰਦੀ।

ਕਲਾਸੀਕਲ ਨਾਚ ਵਿੱਚ ਸੂਖਮ ਭਾਵਾਂ ਨੂੰ ਦਰਸਾਉਣ ਲਈ ਚਿਹਰੇ ਉੱਤੇ ਤੇਜ਼ ਰੌਸ਼ਨੀ ਪਾਈ ਜਾਂਦੀ ਹੈ ਤੇ ਜੇ ਕਲਾਸੀਕਲ ਨੱਚਣ ਵਾਲੇ ਨੇ ਢੁਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ ਤੇ ਨਾ ਹੀ ਦਰਸ਼ਕਾਂ ਨੂੰ ਮੋਹ ਸਕਦਾ ਹੈ। ਇਸ ਨੂੰ ਪੂਰੀ ਤਰ੍ਹਾਂ ਲੁਭਾਇਮਾਨ ਹੋਣ ਲਈ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਉਲਟ ਲੋਕ ਨਾਚ ਲਈ ਹਰ ਪੁਸ਼ਾਕ ਢੁਕਵੀਂ ਹੈ, ਜਿੰਨੇ ਸਰੂਰ ਤੇ ਜਿੰਨੀ ਖ਼ੁਸ਼ੀ ਵਿੱਚ ਕੋਈ ਨੱਚੇਗਾ ਓਨਾ ਹੀ ਸੁਹਜ ਤੇ ਰੰਗ ਉਸ ਦੇ ਨਾਚ ਵਿੱਚ ਝਲਕੇਗਾ। ਸਾਡੇ ਇਨ੍ਹਾਂ ਨਾਚਾਂ ਵਿੱਚ ਓਨੀ ਹੀ ਤਕੜਾਈ ਤੇ ਜੋਸ਼ ਹੈ ਜਿੰਨੀ ਪੰਜਾਬੀਆਂ ਵਿੱਚ ਮੰਨੀ ਅਤੇ ਸਮਝੀ ਜਾਂਦੀ ਹੈ।

ਪੰਜਾਬ ਦੇ ਲੋਕ ਨਾਚ, ਭੰਗੜਾ, ਗਿੱਧਾ, ਝੂੰਮਰ ਲੁੱਡੀ, ਧਮਾਲ, ਕਿੱਕਲੀ ਤੇ ਸੰਮੀ ਆਦਿ ਹਨ, ਪਰ ਇਨ੍ਹਾਂ ਵਿੱਚੋਂ ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ। ਗਿੱਧਾ ਇਨ੍ਹਾਂ ਮੁਟਿਆਰਾਂ ਦਾ ਸਰੀਰਿਕ ਤੇ ਨਾਟਕੀ ਪ੍ਰਗਟਾਅ ਹੈ। ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਭੰਗੜਾ ਜ਼ਰੂਰ ਪੈਂਦਾ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੀ ਕਰੜਾਈ ਤੇ ਗਠੀਲੇਪਣ ਦੀ ਇੱਕ ਪ੍ਰਤੱਖ ਤਸਵੀਰ ਹੈ। ਇਹ ਨਾਚ ਅਸਲ ਵਿੱਚ ਹੈ ਤਾਂ ਪੱਛਮੀ ਪੰਜਾਬ ਦੇ ਸ਼ੇਖ਼ੂਪੁਰੇ, ਗੁਜਰਾਤ ਤੇ ਸਿਆਲਕੋਟ ਜ਼ਿਲ੍ਹਿਆਂ ਦਾ ਪਰ ਜੋਸ਼-ਪ੍ਰਧਾਨ ਹੋਣ ਕਰਕੇ ਇਹ ਪੰਜਾਬ ਦਾ ਲੋਕ ਨਾਚ ਹੋ ਨਿੱਬੜਿਆ।

ਢੋਲ ਇਸ ਨਾਚ ਦਾ ਸਭ ਤੋਂ ਜ਼ਰੂਰੀ ਸਾਜ਼ ਹੈ, ਬਾਕੀ ਸਾਰੇ ਸਾਜ਼ ਉਸ ਦਾ ਸਾਥ ਦੇਣ ਲਈ ਹੁੰਦੇ ਹਨ। ਇਨ੍ਹਾਂ ਵਿੱਚ ਨਗੋਜ਼ੇ, ਤੂੰਬਾ, ਚਿਮਟਾ, ਕਾਟੋ, ਸੱਪ ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ ਨਾਲ ਢੁਕ ਜਾਂਦਾ ਹੈ। ਆਮ ਕਸਰਤ ਕਰਦੇ ਸਮੇਂ ਮਨੁੱਖ ਨੂੰ ਸਿਰਫ਼ ਸਰੀਰ ਦੀ ਤਕੜਾਈ ਦਾ ਹੀ ਖ਼ਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਤੇ ਸਰੀਰ ਦੋਹਾਂ ਦੀ ਕਸਰਤ ਹੁੰਦੀ ਹੈ। ਇਹ ਇੱਕੋ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖ਼ੁਸ਼ ਅਤੇ ਬਲਵਾਨ ਯੋਧੇ ਬਣੇ ਰਹਿਣ ਵਿੱਚ ਸਹਾਈ ਹੁੰਦਾ ਹੈ।




ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ ਕਿਉਂਕਿ ਹੋਰ ਨਾਚਾਂ ਦਾ ਸਬੰਧ ਵਧੇਰੇ ਕਰਕੇ ਪੱਛਮੀ ਪੰਜਾਬ ਨਾਲ ਹੈ। ਗਿੱਧਾ ਹੈ ਤਾਂ ਸਾਰੇ ਪੰਜਾਬ ਦਾ ਹੀ, ਪਰ ਕਈ ਮੌਸਮ ਵੀ ਇਸ ਨਾਲ ਸਬੰਧ ਰੱਖਦੇ ਹਨ। ਸਾਉਣ ਦੇ ਮਹੀਨੇ ਔਰਤਾਂ ਗਿੱਧੇ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। ਇਸ ਦੀ ਏਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿੱਚ ਪੇਕੇ ਘਰ ਜ਼ਰੂਰ ਆਉਂਦੀ ਹੈ। ਗਿੱਧਾ ਪਾਉਂਦੀਆਂ ਕੁੜੀਆਂ ਕੇਵਲ ਨੱਚਦੀਆਂ ਹੀ ਨਹੀਂ ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪ੍ਰਗਟਾਉਂਦੀਆਂ ਹਨ ਜੋ ਗੀਤਾਂ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਬੋਲ ਰਚਣ ਵਾਲੇ ਦਾ ਨਾਂ ਪਤਾ ਹੀ ਨਹੀਂ ਹੁੰਦਾ। ਕੁੜੀਆਂ ਆਪਣੇ ਮਨ ਦੇ ਪਿਆਰ ਉਛਾਲ ਨੂੰ ਨਿਡਰ ਹੋ ਪ੍ਰਗਟ ਕਰਦੀਆਂ ਹਨ ਜਿਵੇਂ:

ਤੈਨੂੰ ਵੇਖਿਆਂ ਸਬਰ ਨਾ ਆਵੇ
ਯਾਰਾ ਤੇਰਾ ਘੁੱਟ ਭਰ ਲਾਂ

ਗਿੱਧੇ ਵਿੱਚ ਤਾਲ ਤਾੜੀ ਨਾਲ ਉਸਾਰਿਆ ਜਾਂਦਾ ਹੈ। ਬੋਲੀ ਪਾ ਕੇ ਉਸ ਬੋਲੀ ਦਾ ਭਾਵ ਨਾਚ ਅਭਿਨੈ ਜਾਂ ਨ੍ਰਿਤ ਨਾਟਕੀ ਢੰਗ ਨਾਲ ਸਾਕਾਰ ਕੀਤਾ ਜਾਂਦਾ ਹੈ। ਇਸ ਵਿੱਚ ਪਿਆਰ, ਬਿਰਹਾ ਤੇ ਨਿੱਤ ਦੇ ਘਰੇਲੂ ਜੀਵਨ ਦੀਆਂ ਝਾਕੀਆਂ ਹੁੰਦੀਆਂ ਹਨ। ਕੋਈ ਗੀਤ ਸੱਸ-ਨੂੰਹ ਦਾ ਝਗੜਾ ਦਰਸਾਉਂਦਾ ਹੈ, ਕਿਤੇ ਵੀਰ ਤੇ ਬਾਬਲ ਦੀ ਸਿਫ਼ਤ ਹੁੰਦੀ ਹੈ, ਕਿਤੇ ਮਾਂ ਦੀ ਛਾਂ ਦੀ ਗੱਲ ਤੇ ਕਿਤੇ ਪਤੀ ਦੀ ਮੁਹੱਬਤ ਤੇ ਕਦੀ ਪਤੀ ਦੀ ਬੁਰਾਈ।

ਝੂਮਰ ਪੰਜਾਬ ਦੇ ਲੋਕ ਨਾਚਾਂ ਵਿੱਚੋਂ ਸੱਭ ਤੋਂ ਵੱਧ ਕਲਾਤਮਿਕ ਨਾਚ ਹੈ। ਇਹ ਨਿਰੋਲ ਖ਼ੁਸ਼ੀ ਪ੍ਰਗਟਾਉਂਦਾ ਹੈ। ਝੂਮਰ ਨੱਚਣ ਵਾਲਾ ਬੜੇ ਕਲਾਤਮਿਕ ਤੇ ਨਜ਼ਾਕਤ ਨਾਲ ਝੂਮਦਾ ਹੈ ਜਿਵੇਂ ਫੁੱਲਾਂ ਲੱਦੀਆਂ ਡਾਲੀਆਂ ਝੂਮਦੀਆਂ ਹਨ। ਇਸ ਦੀ ਲੈਅ ਲੰਬੀ ਹੁੰਦੀ ਹੈ ਤੇ ਢੋਲ ਦੀ ਤਾਲ ਕੋਮਲ ਹੁੰਦੀ ਹੈ। ਅਸਲ ਵਿੱਚ ਇਹ ਲਹੂ ਗੇੜ ਵਰਗਾ ਹੈ ਤੇ ਚੱਕਰ ਧੁਨੀ ਨਾਲ ਮਘਦਾ ਹੈ।

ਝੂਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਵਸਨੀਕਾਂ ਦਾ ਮਰਦਾਵਾਂ ਨਾਚ ਹੈ। ਇਸ ਵਿੱਚ ਲਾਇਲਪੁਰ, ਸ਼ੇਖ਼ੂਪੁਰਾ, ਮਿੰਟਗੁਮਰੀ ਅਤੇ ਝੰਗ ਜ਼ਿਲ੍ਹਿਆਂ ਦਾ ਕੁਝ ਇਲਾਕਾ ਆਉਂਦਾ ਹੈ।

ਵਹੀਰਾਂ ਵਿੱਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈਅ ਮਈ ਬਣਾ ਦਿੰਦੀਆਂ ਹਨ।



ਇਹ ਲੋਕ ਆਪ ਤਾਂ ਨੱਚਦੇ ਹੀ ਸਨ ਆਪਣੇ ਘੋੜਿਆਂ ਤੇ ਊਠਾਂ ’ਤੇ ਬੈਠ ਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਵਿੱਚ ਨਚਾਉਂਦੇ ਸਨ। ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ ਤੇ ਢੋਲ ਵੀ ਅਜਿਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।

ਮੈਂ ਤਾਂ ਪਾਣੀ ਭਰੇਨੀ ਆਂ ਪੱਤਣੋਂ
ਭੈੜੇ ਨੈਣ ਨਾ ਰਹਿੰਦੇ ਤੱਕਣੋਂ

ਨੱਚਦੇ ਹੋਏ ਝੂਮਰੀ ਮੂੰਹ ਵਿੱਚੋਂ ਸ਼ੀ ਸ਼ੀ ਦੀ ਆਵਾਜ਼ ਕੱਢਦੇ ਹਨ ਜਿਸ ਨੂੰ ਫੁੰਮਣੀਆਂ ਕੱਢਣੀਆਂ ਕਹਿੰਦੇ ਹਨ।

ਸੰਮੀ ਔਰਤਾਂ ਦਾ ਨਾਚ ਹੈ ਤੇ ਇਸਦਾ ਸਬੰਧ ਵੀ ਸਾਂਦਲਬਾਰ ਦੇ ਇਲਾਕੇ ਨਾਲ ਹੈ। ਚਾਨਣੀਆਂ ਰਾਤਾਂ ਵਿੱਚ ਜਦੋਂ ਕੁੜੀਆਂ ਇੱਕਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਨਾਲ ਚੂੜੀਆਂ ਦੀ ਛਣਕਾਰ ਪੈਰਾਂ ਦੀ ਧਮਕ ਤੇ ਝਾਂਜਰਾਂ ਦੀ ਟੁਣਕਾਰ ਇੱਕੋ ਸਮੇਂ ਹੁੰਦੀ ਹੈ। ਇਸ ਨਾਚ ਵਿੱਚ ਕਿਸੇ ਸਾਜ਼ ਦੀ ਲੋੜ ਨਹੀਂ। ਤਾਲ ਦਾ ਹਿਸਾਬ ਕੇਵਲ ਤਾੜੀਆਂ ਤੇ ਚੁਟਕੀਆਂ ਨਾਲ ਹੀ ਰੱਖਿਆ ਜਾਂਦਾ ਹੈ। ਕਿੱਕਲੀ ਅਸਲ ਵਿੱਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ ਕਦੇ ਨਿੱਕੇ ਮੁੰਡੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ। ਭਰਾ ਤੇ ਭੈਣ ਦਾ ਪਿਆਰ ਹਾਣ ਦਾ ਹੈ, ਇਹੀ ਕਾਰਨ ਹੈ ਕਿ ਕਿੱਕਲੀ ਵਿੱਚ ਬਹੁਤੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ ਜਿਵੇਂ :

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ ਫਿੱਟੇ ਮੂੰਹ ਜਵਾਈ ਦਾ

ਇਸ ਤਰ੍ਹਾਂ ਹੀ ਲੁੱਡੀ ਪੰਜਾਬ ਦਾ ਖ਼ੁਸ਼ੀ ਦਾ ਨਾਚ ਹੈ। ਲੋਕ ਕਿਸੇ ਜਿੱਤ ਦੀ ਖ਼ੁਸ਼ੀ ਵਿੱਚ ਲੁੱਡੀ ਪਾਉਂਦੇ ਹਨ। ਅੱਜ ਦੇ ਯੁੱਗ ਵਿੱਚ ਲੋਕ ਨਾਚ ਸਿਰਫ਼ ਲੋਕ ਨਾਚ ਹੀ ਨਹੀਂ, ਇਸ ਦੇ ਵਿਖਾਵੇ ਵਿੱਚ ਲੋਕਾਂ ਦੇ ਸੂਝ ਪੱਧਰ ਦਾ ਵੀ ਪਤਾ ਲੱਗਦਾ ਹੈ। ਮੇਰੇ ਵਿਸ਼ਵਾਸ ਵਿੱਚ ਲੋਕ ਨਾਚ ਨੱਚਣ ਲਈ ਮਨ ਦਾ ਕਲਾਕਾਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਦਾ ਦਿਲ ਬੜਾ ਨਿੱਘਾ ਹੈ ਤੇ ਇਹ ਬੜਾ ਭਰਪੂਰ ਹਾਸਾ ਹੱਸਦੇ ਹਨ। ਹਰ ਦੇਸ਼ ਦੀ ਕਲਾ ਉਸ ਦੇ ਸੱਭਿਆਚਾਰ ਦਾ ਪ੍ਰਤੀਕ ਹੋ ਨਿਬੜਦੀ ਹੈ।

# ਬੱਚਿਆਂ ਨੂੰ ਚੰਗੇ ਗੁਣਾਂ ਸਬੰਧੀ ਸੇਧ ਦੇਣਾ ਮਾਪਿਆਂ ਦਾ ਫ਼ਰਜ਼

ਅਸੀਂ ਭਲੀਭਾਂਤ ਜਾਣਦੇ ਹਾਂ ਕਿ ਅੱਜ ਦੇ ਬੱਚਿਆਂ ਨੇ ਹੀ ਕੱਲ੍ਹ ਦੇ ਨੇਤਾ ਅਤੇ ਨਾਗਰਿਕ ਬਣ ਦੇਸ਼-ਸਮਾਜ ਦੇ ਭਵਿੱਖ ਨੂੰ ਸੰਭਾਲਣਾ ਹੈ ਅਤੇ ਇਹ ਗੱਲ ਤਹਿ ਹੈ ਕਿ ਜੇ ਸਾਡੇ ਬੱਚੇ ਪੜ੍ਹੇ-ਲਿਖੇ, ਸੂਝਵਾਨ ਹਨ ਤਾਂ ਸਾਡਾ ਭਵਿੱਖ ਖੁਦ-ਬ-ਖੁਦ ਹੀ ਉਜਵਲ ਹੋਵੇਗਾ। ਇਸ ਪ੍ਰਤੀ ਸਜਗ ਹੁੰਦਿਆਂ ਹੀ ਸਾਡੀ ਸਰਕਾਰ, ਸਮਾਜਿਕ ਸੰਸਥਾਵਾਂ ਵਲੋਂ ਬੱਚਿਆਂ ਨੂੰ ਪੜ੍ਹਿਆ-ਲਿਖਿਆ ਬਣਾਉਣ ਖਾਤਰ ਕਈ ਸਹੂਲਤਾਂ ਵੀ ਪ੍ਰਦਾਨ ਕਰਵਾ ਰੱਖੀਆਂ ਹਨ। ਇਨਸਾਨੀ ਜ਼ਿੰਦਗੀ ‘ਚ ਪੜ੍ਹਾਈ ਦੇ ਮਹੱਤਵ ਨੂੰ ਸਮਝਦਿਆਂ ਹਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਆਮਦਨ ਦਾ ਵੱਡਾ ਹਿੱਸਾ ਖਰਚ ਕਰ ਰਹੇ ਹਨ ਅਤੇ ਉਨ੍ਹਾਂ ਦੀ ਸਫਲਤਾ ਲਈ ਚਿੰਤਤ ਵੀ ਰਹਿੰਦੇ ਹਨ ਪਰ ਸਭ ਕਾਸੇ ਦੇ ਬਾਵਜੂਦ ਵੀ ਜੇ ਮਾਪੇ ਕੁਝ ਗੱਲਾਂ ਤੋਂ ਅਵੇਸਲੇ ਹੋ ਜਾਣ ਤਾਂ ਜਿਥੇ ਬੱਚੇ ਪੜ੍ਹਾਈ ਤੋਂ ਕੰਨੀ ਕਤਰਾਉਣ ਲਗਦੇ ਹਨ, ਉਥੇ ਹੀ ਇੱਕਾ-ਦੁੱਕਾ ਗ਼ਲਤ ਰਸਤਿਆਂ ‘ਤੇ ਵੀ ਪੈ ਸਕਦੇ ਹਨ। ਬੱਚੇ ਦਾ ਮਨ ਕੋਰੀ ਸਲੇਟ ਜਿਹਾ ਹੁੰਦਾ ਹੈ। ਇਸ ‘ਤੇ ਜੋ ਵੀ ਲਿਖਿਆ ਗਿਆ, ਉਸ ਦਾ ਪ੍ਰਭਾਵ ਸਾਰੀ ਉਮਰ ਹੀ ਰਹਿੰਦਾ ਹੈ। ਅੱਜਕਲ੍ਹ ਮੋਬਾਈਲ, ਟੀ. ਵੀ. ਅਤੇ ਸੋਸ਼ਲ ਮੀਡੀਆ ਵਗੈਰਾ ਬੱਚਿਆਂ ਦਾ ਧਿਆਨ ਪੜ੍ਹਾਈ ਤੋਂ ਹਟਾ ਕੇ ਗ਼ਲਤ ਦਿਸ਼ਾ ਵੱਲ ਲਾਉਣ ਲਈ ਵੱਡਾ ਰੋਲ ਨਿਭਾਅ ਰਹੇ ਹਨ। ਕਈ ਮਾਪੇ ਵੀ ਤਾਂ ਖੁਦ ਬੱਚਿਆਂ ਸਾਹਮਣੇ ਹੀ ਵਧੇਰੇ ਸਮਾਂ ਮੋਬਾਈਲ, ਟੀ.ਵੀ. ਸੀਰੀਅਲਾਂ ਵਿਚ ਖੁੱਭੇ ਰਹਿੰਦੇ ਹਨ। ਅੱਜ ਸਰਕਾਰ, ਸਿੱਖਿਆ ਵਿਭਾਗੀ ਮਾਹਿਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਬੱਚਿਆਂ ‘ਤੇ ਔਖੇ ਸਿਲੇਬਸਾਂ ਵਾਲੀ ਪੜ੍ਹਾਈ ਅਤੇ ਭਾਰੇ ਬਸਤਿਆਂ ਦਾ ਬੋਝ ਦਿਨੋ-ਦਿਨ ਵਧ ਰਿਹਾ ਹੈ, ਜਿਸ ਕਰਕੇ ਬੱਚੇ ਦਾ ਸਰੀਰਕ-ਮਾਨਸਿਕ ਵਿਕਾਸ ਪ੍ਰਭਾਵਿਤ ਹੋ ਕੇ ਰਹਿ ਜਾਂਦਾ ਹੈ। ਮਾਪੇ ਬੱਚਿਆਂ ਵਲੋਂ ਸ਼ਤ/ਪ੍ਰਤੀਸ਼ਤ ਅੰਕ ਹਾਸਲ ਕਰਨ, ਡਾਕਟਰ, ਇੰਜੀਨੀਅਰ ਜਾਂ ਵੱਡਾ ਅਫਸਰ ਬਣਨ ਦੀ ਚਾਹਤ ਪੂਰਤੀ ਅਧੀਨ ਬੱਚਿਆਂ ਨੂੰ ਵੱਡੇ/ਮਹਿੰਗੇ ਸਕੂਲ ‘ਚ ਦਾਖਲ ਕਰਵਾ ਕੇ ਵੱਧ ਤੋਂ ਵੱਧ ਖਰਚੇ ਤਾਂ ਭਰ ਲੈਣਗੇ ਪਰ ਉਹ ਇਹ ਸਮਝਣ ਦੀ ਉੱਕਾ ਹੀ ਕੋਸ਼ਿਸ਼ ਨਹੀਂ ਕਰਦੇ ਕਿ ਬੱਚਾ ਕਿਸ ਖੇਤਰ/ਵਿਸ਼ੇ ਵਿਚ ਦਿਲਚਸਪੀ ਰੱਖਦਾ ਹੈ। ਸਕੂਲ ਪ੍ਰਬੰਧਕ ਵੀ ਇਸ ਪੱਖ ਨੂੰ ਅਣਗੌਲਿਆਂ ਕਰਕੇ ਸਿਰਫ ਮਾਪਿਆਂ ਦੀਆਂ ਜੇਬਾਂ ਵੱਲ ਹੀ ਨਿਗ੍ਹਾ ਰੱਖਦੇ ਹਨ। ਨਤੀਜੇ ਵਜੋਂ ਜਬਰੀ ਵਿਸ਼ੇ ਠੋਸਣ ਸਦਕਾ ਬੱਚੇ ਨਾਖੁਸ਼, ਉਲਝੇ ਜਾਂ ਪ੍ਰੇਸ਼ਾਨ ਜਿਹੇ ਰਹਿਣ ਲਗਦੇ ਹਨ। ਕਈ ਮਾਤਾ-ਪਿਤਾ ਤਾਂ ਵਪਾਰਕ, ਘਰੇਲੂ ਰੁਝੇਵਿਆਂ ਸਦਕਾ ਬੱਚਿਆਂ ਦੀ ਪਰਵਰਿਸ਼, ਪੜ੍ਹਾਈ ਦਾ ਜ਼ਿੰਮਾ ਨੌਕਰਾਂ/ਚਾਕਰਾਂ ਜਾਂ ਕਿਸੇ ਹੋਰ ਵਿਅਕਤੀ ਨੂੰ ਸੌਂਪ ਕੇ ਬੱਚਿਆਂ ਨੂੰ ਖੁੱਲ੍ਹਮ-ਖੁੱਲ੍ਹਾ ਜੇਬ ਖ਼ਰਚਾ ਦੇ ਛੱਡਦੇ ਹਨ। ਸ਼ਾਇਦ ਉਨ੍ਹਾਂ ਦੀ ਸੋਚ ਹੋਵੇਗੀ ਕਿ ਉਹ ਪੈਸੇ ਦੇ ਜ਼ੋਰ ‘ਤੇ ਬੱਚਿਆਂ ਨੂੰ ਉੱਤਮ ਵਿੱਦਿਆ, ਸੰਸਕਾਰਾਂ ਅਤੇ ਗੁਣਾਂ ਨਾਲ ਲੈਸ ਕਰ ਲੈਣਗੇ ਪਰ ਉਹ ਇਹ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ ਬੱਚਾ ਏਨੇ ਪੈਸੇ ਦੀ ਕਿਥੇ ਵਰਤੋਂ ਕਰ ਰਿਹਾ ਹੈ? ਅਕਸਰ ਕਈ ਵਾਰ ਵਧੇਰੇ ਜੇਬ ਖ਼ਰਚਾ ਮਿਲਣ ਕਰਕੇ ਬੱਚਾ ਵਿਗੜ ਜਾਂਦਾ ਹੈ ਅਤੇ ਗ਼ਲਤ ਆਦਤਾਂ ਦਾ ਸ਼ਿਕਾਰ ਹੋ ਜਾਂਦਾ ਹੈ। ਕਈ ਮਾਪੇ ਤਾਂ ਲਾਡ-ਲਾਡ ‘ਚ ਬੱਚਿਆਂ ਨੂੰ ਕੋਝੀਆਂ ਹਰਕਤਾਂ-ਆਦਤਾਂ ਪ੍ਰਤੀ ਉਤਸ਼ਾਹਿਤ ਵੀ ਕਰਦੇ ਹਨ। ਆਦਤਾਂ ਪੱਕ ਜਾਂਦੀਆਂ ਹਨ ਤਾਂ ਮਾਪਿਆਂ ਨੂੰ ਸ਼ਰਮਿੰਦਗੀ ਵੀ ਉਠਾਉਣੀ ਪੈ ਸਕਦੀ ਹੈ। ਮਾਪੇ ਹਮੇਸ਼ਾ ਪੂਰਾ ਖ਼ਿਆਲ ਰੱਖਣ ਕਿ ਬੱਚਾ ਸਕੂਲ, ਕਲਾਸ ਵਿਚ ਸਹੀ ਤਰੀਕੇ ਬੈਠ, ਪੜ੍ਹ ਰਿਹਾ ਹੈ? ਉਸ ਦੇ ਦੋਸਤ, ਸੰਗਤ ਕਿਹੋ ਜਿਹੀ ਹੈ? ਦਿੱਤਾ ਜੇਬ ਖ਼ਰਚ ਕਿਥੇ ਖ਼ਰਚ ਕਰ ਰਿਹਾ ਹੈ? ਆਦਿ-ਆਦਿ। ਬੱਚਿਆਂ ਨੂੰ ਲੋੜ ਅਨੁਸਾਰ ਜੇਬ ਖਰਚਾ ਹੀ ਦਿੱਤਾ ਜਾਵੇ ਪਰ ਅਜਿਹਾ ਵੀ ਨਾ ਹੋਵੇ ਕਿ ਜੇਬ ਖ਼ਰਚਾ ਦਿੱਤਾ ਹੀ ਨਾ ਜਾਵੇ ਅਤੇ ਉਹ ਦੋਸਤਾਂ ਸਾਹਵੇਂ ਹੀਣ ਭਾਵਨਾ ਮਹਿਸੂਸ ਕਰਦਾ ਰਹੇ। ਚੰਗੀਆਂ ਆਦਤਾਂ ਜ਼ਿੰਦਗੀ ਦੇ ਉਸਾਰੂ ਪੱਖ ਅਤੇ ਮਾੜੀਆਂ ਆਦਤਾਂ ਜ਼ਿੰਦਗੀ ਦੇ ਨਕਾਰਾਤਮਿਕ ਪੱਖ ਦੀ ਮੂੰਹ ਬੋਲਦੀ ਤਸਵੀਰ ਹੁੰਦੀਆਂ ਹਨ। ਮਾਪੇ ਆਪਣੇ ਲਾਡਲਿਆਂ ਨੂੰ ਮੁੱਢ ਤੋਂ ਹੀ ਨੈਤਿਕ ਕਦਰਾਂ-ਕੀਮਤਾਂ, ਸ਼ਿਸ਼ਟਾਚਾਰ, ਵੱਡਿਆਂ ਦਾ ਆਦਰ-ਸਤਿਕਾਰ, ਮਿਲਵਰਤਣ, ਸਹਿਣਸ਼ੀਲਤਾ, ਨਿਮਰਤਾ ਆਦਿ ਚੰਗੀਆਂ ਆਦਤਾਂ, ਗੁਣਾਂ ਸਬੰਧੀ ਸਹੀ ਸੇਧ ਦੇਣ। ਬੱਚਿਆਂ ਨਾਲ ਦੋਸਤਾਂ ਵਾਂਗ ਮਿਲ-ਬੈਠ ਕੇ ਸਮਾਂ ਬਿਤਾਉਂਦਿਆਂ ਹਰ ਨੁਕਤਾ ਸਾਂਝਾ ਕਰਨ। ਸਕੂਲ ਪ੍ਰਬੰਧਕ ਵੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਬੱਚੇ ਦੇ ਰੁਝਾਨ ਮੁਤਾਬਿਕ ਸਿਲੇਬਸ, ਵਿਸ਼ੇ ਪੜ੍ਹਾਉਣ। ‘ਸੌ ਹੱਥ ਰੱਸਾ ਤੇ ਸਿਰੇ ‘ਤੇ ਗੰਢ‘ ਵਾਲੀ ਗੱਲ ਹੈ ਕਿ ਜੇ ਮਾਪੇ ਆਪਣੇ ਬੱਚਿਆਂ ਵਿਚ ਸਹੀ ਗੁਣਾਂ, ਆਦਤਾਂ ਦਾ ਵਿਕਾਸ ਕਰਨ ਜਾਂ ਸਿਖਾਉਣ ਪ੍ਰਤੀ ਸਫਲ ਹੁੰਦੇ ਹਨ ਤਾਂ ਜਿਥੇ ਬੱਚੇ ਕੱਲ੍ਹ ਨੂੰ ਆਦਰਸ਼ ਨਾਗਰਿਕ ਬਣ ਆਪਣਾ ਅਤੇ ਦੇਸ਼ ਦਾ ਭਵਿੱਖ ਉਜਵਲ ਕਰਨਗੇ, ਉਥੇ ਹੀ ਮਾਪਿਆਂ ਦੀ ਸ਼ੋਭਾ ਵੀ ਦੂਣਸਵਾਈ ਵਧੇਗੀ।

# ਦਿਲਜੀਤ ਦੋਸਾਂਝ ਦੀ ਹਾਲੀਵੁੱਡ 'ਚ ਐਂਟਰੀ ! ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਖ਼ੁਸ਼ੀ



ਦਿਲਜੀਤ ਦੋਸਾਂਝ ਸਾਲਾਂ ਤੱਕ ਪੰਜਾਬੀ ਤੇ ਹਿੰਦੀ ਇੰਡਸਟਰੀ 'ਤੇ ਰਾਜ ਕਰਨ ਤੋਂ ਬਾਅਦ ਹੁਣ ਹਾਲੀਵੁੱਡ ਜਾਣ ਲਈ ਤਿਆਰ ਹਨ। ਇਹ ਸਟਾਰ ਇਕ ਆਗਾਮੀ ਸੀਰੀਜ਼ 'FablesÓ ਦੀ ਵਾਇਸ ਕਾਸਟ ਦਾ ਹਿੱਸਾ ਬਣ ਕੇ ਆਪਣੀ ਹਾਲੀਵੁੱਡ 'ਚ ਸ਼ੁਰੂਆਤ ਕਰੇਗਾ।

ਦਿਲਜੀਤ ਦੇਸ਼ ਦੇ ਸਭ ਤੋਂ ਵੱਡੇ ਸਿਤਾਰਿਆਂ 'ਚੋਂ ਇਕ ਹਨ। ਹਾਲੀਵੁੱਡ ਦੀ ਇਕ ਸੀਰੀਜ਼ 'ਚ ਉਸ ਦੇ ਸ਼ਾਮਲ ਹੋਣ ਦੀ ਖ਼ਬਰ ਭਾਵੇਂ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਪਰ ਹੈਰਾਨੀ ਵਾਲੀ ਗੱਲ ਨਹੀਂ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜੇਕਰ ਪੰਜਾਬ ਤੋਂ ਕੋਈ ਹਾਲੀਵੁੱਡ 'ਚ ਥਾਂ ਬਣਾ ਸਕਦਾ ਹੈ ਤਾਂ ਉਹ ਦਿਲਜੀਤ ਦੋਸਾਂਝ ਹੈ ਤੇ ਉਸ ਨੇ ਆਖਿਰਕਾਰ ਇਹ ਸਾਬਿਤ ਕਰ ਦਿੱਤਾ।

ਦਿਲਜੀਤ ਦੇ ਨਾਲ Ricky Gervais, Natasha Lyonne ਵਰਗੇ ਹਾਲੀਵੁੱਡ ਦੇ ਵੱਡੇ ਸੁਪਰਸਟਾਰ ਵੀ ਇਸ ਹਾਲੀਵੁੱਡ ਸੀਰੀਜ਼ ਦੀ ਵਾਇਸ ਕਾਸਟ ਦਾ ਹਿੱਸਾ ਬਣਨ ਜਾ ਰਹੇ ਹਨ ਤੇ ਦਿਲਜੀਤ ਉਨ੍ਹਾਂ ਨਾਲ ਕੰਮ ਕਰਨ ਜਾ ਰਹੇ ਹਨ। ਇਸ ਸੀਰੀਜ਼ ਦਾ ਹਿੱਸਾ ਬਣਨ ਲਈ ਹੋਰ ਪ੍ਰਸਿੱਧ ਨਾਂ ਹਨ ਜੇਮੇਨ ਕਲੇਮੈਂਟ, ਜੇਬੀ ਸਮੂਵ, ਰੋਮਨ ਗ੍ਰਿਫਿਨ ਡੇਵਿਸ, ਅਲੈਕਸਾ ਡੇਮੀ ਤੇ ਜ਼ੈਕ ਵੁੱਡਸ।ਪ੍ਰਾਜੈਕਟ ਦੇ ਪਿੱਛੇ ਪ੍ਰੋਡਕਸ਼ਨ ਹਾਊਸ ਬ੍ਰੋਨ ਡਿਜੀਟਲ ਹੈ। ਉਹ ਇਸ ਤੋਂ ਪਹਿਲਾਂ 'ਜੋਕਰ' ਤੇ 'ਬਲੈਕ ਮਸੀਹਾ' ਵਰਗੀਆਂ ਹਾਲੀਵੁੱਡ ਫ਼ਿਲਮਾਂ ਬਣਾ ਚੁੱਕੇ ਹਨ। Fables ਉਨ੍ਹਾਂ ਦਾ ਅਗਲਾ ਆਉਣ ਵਾਲਾ ਪ੍ਰਾਜੈਕਟ ਹੈ। ਇਹ ਪ੍ਰੋਡਕਸ਼ਨ ਹਾਊਸ ਦਾ ਪਹਿਲਾ ਐਨੀਮੇਟਿਡ ਪ੍ਰਾਜੈਕਟ ਵੀ ਹੈ। ਇਸ ਪ੍ਰਾਜੈਕਟ 'ਚ ਮਸ਼ਹੂਰ ਕਹਾਣੀਆਂ ਜਿਵੇਂ ਕਿ 'ਟੋਰਟੋਇਜ਼ ਐਂਡ ਦਿ ਹੇਅਰ', 'ਦਿ ਲਾਇਨ ਐਂਡ ਦਿ ਮਾਊਸ' ਤੇ 'ਦਿ ਬੁਆਏ ਹੂ ਕ੍ਰਾਈਡ ਵੁਲਫ' ਪੇਸ਼ ਕੀਤੀਆਂ ਜਾਣਗੀਆਂ।

# ਜਸਵਿੰਦਰ ਭੱਲਾ ਦੇ ਪੁੱਤਰ ਪੁਖਰਾਜ ਭੱਲਾ ਦਾ ਹੋਇਆ ਵਿਆਹ

ਪੰਜਾਬੀ ਇੰਡਸਟਰੀ ਦੇ ਮਸ਼ਹੂਰ ਅਦਾਕਾਰ ਜਸਵਿੰਦਰ ਭੱਲਾ ਦੇ ਪੁੱਤਰ ਪੁਖਰਾਜ ਭੱਲਾ ਵਿਆਹ ਦੇ ਬੰਧਨ @ਚ ਬੱਝ ਗਏ ਹਨ। ਜਿਸ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀਆਂ ਹਨ। ਪੁਖਰਾਜ ਭੱਲਾ ਨੇ ਪਟਿਆਲਾ ਦੀ ਦੀਸ਼ੂ ਸਿੱਧੂ ਦੇ ਨਾਲ ਵਿਆਹ ਕਰਵਾਇਆ ਹੈ।



ਉਨ੍ਹਾਂ ਨੇ ਗੁਰੂ ਘਰ 'ਚ ਲਾਵਾਂ ਲਈਆਂ। ਵਿਆਹ 'ਚ ਪੰਜਾਬੀ ਇੰਡਸਟਰੀ ਦੇ ਕਈ ਸਿਤਾਰਿਆਂ ਨੇ ਸ਼ਿਰਕਤ ਕੀਤੀ ਅਤੇ ਨਵ-ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ।

ਇਸ ਮੌਕੇ ਜਸਵਿੰਦਰ ਭੱਲਾ ਵੀ ਪੁੱਤਰ ਦੇ ਵਿਆਹ ਦੇ ਵਿੱਚ ਖੂਬ ਭੰਗੜਾ ਪਾਉਂਦੇ ਦਿਖਾਈ ਦਿੱਤੇ। ਦੱਸ ਦਈਏ ਕਿ ਇਸ ਤੋਂ ਪਹਿਲਾਂ ਪੰਜਾਬੀ ਗਾਇਕ ਪਰਮੀਸ਼ ਵਰਮਾ ਨੇ ਵੀ ਆਪਣੀ ਪ੍ਰੇਮਿਕਾ ਨਾਲ ਵਿਆਹ ਕਰਵਾਇਆ ਸੀ।ਦੱਸ ਦਈਏ ਕਿ ਇਸ ਤੋਂ ਪਹਿਲਾਂ ਪੁਖਰਾਜ ਭੱਲਾ ਦੀ ਮੰਗਣੀ ਦੀਆਂ ਤਸਵੀਰਾਂ ਵਾਇਰਲ ਹੋਈਆਂ ਸਨ। ਪੁਖਰਾਜ ਭੱਲਾ ਦੀ ਲਾਈਫ ਪਾਟਨਰ ਦੀਸ਼ੂ ਸਿੱਧੂ ਕੈਨੇਡਾ ਦੀ ਵਸਨੀਕ ਹੈ ਜਦੋਂ ਕਿ ਮੂਲ ਰੂਪ @ਚ ਪੰਜਾਬ ਦੇ ਪਟਿਆਲਾ ਦੀ ਰਹਿਣ ਵਾਲੀ ਹੈ। 16 ਨਵੰਬਰ ਨੂੰ ਇਸ ਜੋੜੀ ਨੇ ਮੰਗਣੀ ਕਰਵਾਈ ਹੈ। ਇਸ ਪ੍ਰੋਗਰਾਮ @ਚ ਪੁਖਰਾਜ ਭੱਲਾ ਅਤੇ ਦੀਸ਼ੂ ਸਿੱਧੂ ਨੇ ਆਪਣੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਦੀ ਮੌਜੂਦਗੀ @ਚ ਇਕ ਦੂਜੇ ਨਾਲ ਮੰਗਣੀ ਦੀਆਂ ਰਸਮਾਂ ਪੂਰੀਆਂ ਕੀਤੀਆਂ ਸਨ। ਦੋਵਾਂ ਦੀ ਜੋੜੀ ਬਹੁਤ ਖੂਬਸੂਰਤ ਲੱਗ ਰਹੀ ਸੀ।

# ਤੀਜੀ ਵਾਰ ਲਾੜਾ ਬਣੇਗਾ ਆਮਿਰ ਖਾਨ, ਇਸ ਅਦਾਕਾਰਾ ਨਾਲ ਹਨ ਨਿਕਾਹ ਦੇ ਚਰਚੇ !





ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਆਮਿਰ ਖ਼ਾਨ ਤੀਜੀ ਵਾਰ ਨਿਕਾਹ ਕਰਵਾਉਣ ਦੀ ਤਿਆਰੀ ਕਰ ਰਹੇ ਹਨ। ਸੋਸ਼ਲ ਮੀਡੀਆ ਤੇ ਅਜਿਹੇ ਚਰਚੇ ਚੱਲਣ ਤੋਂ ਬਾਅਦ ਟਵਿੱਟਰ ਤੇ ਵੀ #ਆਮਿਰ ਖ਼ਾਨ ਟ੍ਰੈਂਡ ਹੋ ਰਿਹਾ ਹੈ। ਮੀਡੀਆ ਰਿਪੋਰਟਸ ਮੁਤਾਬਕ ਆਮਿਰ ਖਾਨ ਆਪਣੇ ਨਾਲ ਫਿਲਮ ਚ ਕੰਮ ਕਰ ਚੁੱਕੀ ਇਕ ਅਦਾਕਾਰਾ ਨਾਲ ਵਿਆਹ ਕਰਨ ਦਾ ਫ਼ੈਸਲਾ ਕਰ ਚੁੱਕੇ ਹਨ। ਦੱਸ ਦੇਈਏ ਕਿ ਅਦਾਕਾਰ ਆਪਣੀ ਅਗਲੀ ਫਿਲਮ ਲਾਲ ਸਿੰਘ ਚੱਢਾ ਦੇ ਰਿਲੀਜ਼ ਹੋਣ ਦਾ ਇੰਤਜ਼ਾਰ ਕਰ ਰਿਹਾ ਹੈ। ਅਸਲ ਵਿਚ ਆਮਿਰ ਖਾਨ ਨਹੀਂ ਚਾਹੁੰਦੇ ਕਿ ਫਿਲਮ ਦੀ ਰਿਲੀਜ਼ ਦੌਰਾਨ ਕੋਈ ਵਿਵਾਦ ਹੋਵੇ। ਇਹੀ ਵਜ੍ਹਾ ਹੈ ਕਿ ਉਨ੍ਹਾਂ ਨੇ ਫਿਲਮ ਲਾਲ ਸਿੰਘ ਚੱਢਾ ਦੀ ਰਿਲੀਜ਼ ਤੋਂ ਬਾਅਦ ਵਿਆਹ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦੌਰਾਨ ਲਾਲ ਸਿੰਘ ਚੱਢਾ ਦੀ ਰਿਲੀਜ਼ ਡੇਟ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ।

ਹਾਲ ਹੀ ਚ ਹੋਇਆ ਸੀ ਕਿਰਨ ਰਾਓ ਨਾਲ ਤਲਾਕ

ਇਸ ਸਾਲ ਦੀ ਸ਼ੁਰੂਆਤ ਚ (ਅਗਸਤ) ਆਮਿਰ ਖਾਨ ਨੇ ਐਲਾਨ ਕੀਤਾ ਸੀ ਕਿ ਉਹ ਅਤੇ ਉਨ੍ਹਾਂ ਦੀ ਪਤਨੀ ਕਿਰਨ ਰਾਓ ਤਲਾਕ ਲੈ ਰਹੇ ਹਨ। ਕਿਰਨ ਖ਼ੁਦ ਇਕ ਫਿਲਮ ਨਿਰਮਾਤਾ ਹੈ ਅਤੇ ਆਮਿਰ ਦੀ ਦੂਸਰੀ ਪਤਨੀ ਹੈ। ਦੋਵਾਂ ਨੇ ਦਸੰਬਰ 2005 ਚ ਵਿਆਹ ਰਚਾਇਆ ਸੀ। ਦੋਵਾਂ ਦਾ ਇਕ ਪੁੱਤਰ ਆਜ਼ਾਦ ਵੀ ਹੈ। ਉੱਥੇ ਹੀ ਪਹਿਲੀ ਪਤਨੀ ਰੀਨਾ ਦੱਤਾ ਤੋਂ ਆਮਿਰ ਖ਼ਾਨ ਦੇ ਦੋ ਬੱਚੇ ਹਨ ਈਰਾ ਅਤੇ ਜੁਨੈਦ।

ਇਸ ਦੌਰਾਨ ਆਮਿਰ ਖਾਨ ਦਾ ਨਾਂ ਫਾਤਿਮਾ ਸਨਾ ਸ਼ੇਖ ਨਾਲ ਜੋੜਿਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਵਿਚਾਲੇ ਅਫੇਅਰ ਚੱਲ ਰਿਹਾ ਹੈ। ਫਾਤਿਮਾ ਸਨਾ ਸ਼ੇਖ ਉਹੀ ਹੈ ਜੋ 2016 ਦੀ ਫਿਲਮ ਦੰਗਲ ਚ ਆਮਿਰ ਖਾਨ ਦੇ ਨਾਲ ਨਜ਼ਰ ਆਈ ਸੀ। ਸਨਾ ਨੇ ਇਸ ਫਿਲਮ ਚ ਆਮਿਰ ਦੀ ਧੀ ਦਾ ਕਿਰਦਾਰ ਨਿਭਾਇਆ ਸੀ।

14 ਅਪ੍ਰੈਲ ਨੂੰ ਰਿਲੀਜ਼ ਹੋਵੇਗੀ ਲਾਲ ਸਿੰਘ ਚੱਢਾ

ਆਮਿਰ ਖਾਨ ਅਤੇ ਕਰੀਨਾ ਕਪੂਰ ਖਾਨ ਸਟਾਰਰ ਫਿਲਮ ਲਾਲ ਸਿੰਘ ਚੱਢਾ ਦੀ ਰਿਲੀਜ਼ ਡੇਟ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਫਿਲਮ 14 ਅਪ੍ਰੈਲ, 2022 ਯਾਨੀ ਵਿਸਾਖੀ ਤੇ ਦੁਨੀਆ ਭਰ ਦੇ ਸਿਨੇਮਾਘਰਾਂ ਚ ਰਿਲੀਜ਼ ਹੋਵੇਗੀ। ਲਾਲ ਸਿੰਘ ਚੱਢਾ ਨੂੰ ਆਮਿਰ ਖਾਨ ਅਤੇ ਕਿਰਨ ਰਾਓ ਮਿਲ ਕੇ ਪ੍ਰੋਡਿਊਸ ਕਰ ਰਹੇ ਹਨ। ਇਹ ਅਦਵੈਤ ਚੰਦਨ ਵੱਲੋਂ ਡਾਇਰੈਕਟ ਕੀਤੀ ਗਈ ਹੈ, ਜਿਸ ਵਿੱਚ ਪ੍ਰੀਤਮ ਵੱਲੋਂ ਸੰਗੀਤ ਅਤੇ ਅਮਿਤਾਭ ਭੱਟਾਚਾਰੀਆ ਦੇ ਗੀਤ ਹਨ। ਇਹ ਫਿਲਮ 1994 ਦੀ ਟੌਮ ਹੈਂਕਸ ਦੀ ਬਲਾਕਬਸਟਰ ਫਾਰੈਸਟ ਗੰਪ ਤੇ ਆਧਾਰਿਤ ਹੈ।

# ਗਿੱਪੀ ਗਰੇਵਾਲ ਨੇ ਸ਼ੁਰੂ ਕੀਤੀ ਫ਼ਿਲਮ 'ਯਾਰ ਮੇਰਾ ਤਿਤਲੀਆਂ ਵਰਗਾ' ਦੀ ਸ਼ੂਟਿੰਗ



ਗਿੱਪੀ ਗਰੇਵਾਲ ਪੰਜਾਬੀ ਇੰਡਸਟਰੀ ਤੇ ਆਪਣੇ ਪ੍ਰਸ਼ੰਸਕਾਂ ਨੂੰ ਬੈਕ-ਟੂ-ਬੈਕ ਪ੍ਰਾਜੈਕਟਾਂ ਨਾਲ ਸਰਪ੍ਰਾਈਜ਼ ਦੇ ਰਹੇ ਹਨ। ਇਸ ਦੇ ਨਾਲ ਹੀ ਦੱਸ ਦੇਈਏ ਕਿ ਉਹ ਹੁਣ ਲਗਾਤਾਰ ਕੁਝ ਦਿਨਾਂ ਤੋਂ ਦਿਲਚਸਪ ਐਲਾਨ ਕਰਕੇ ਸਭ ਨੂੰ ਹੈਰਾਨ ਕਰ ਰਹੇ ਹਨ। ਹੁਣ ਉਹ ਸਮਾਂ ਹੈ ਜਦੋਂ ਉਸ ਨੇ ਆਉਣ ਵਾਲੀ ਪੰਜਾਬੀ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ ਹੈ, ਜਿਸ ਦਾ ਐਲਾਨ ਕੁਝ ਹਫ਼ਤੇ ਪਹਿਲਾਂ ਕੀਤਾ ਗਿਆ ਸੀ।

ਫ਼ਿਲਮ 'ਯਾਰ ਮੇਰਾ ਤਿਤਲੀਆਂ ਵਾਰਗਾ' ਦੇ ਮੇਕਰਸ ਵਲੋਂ ਇਕ ਇੰਸਟਾਗ੍ਰਾਮ ਪੋਸਟ ਸਾਂਝੀ ਕੀਤੀ ਗਈ ਹੈ, ਜਿਸ ਮੁਤਾਬਕ ਇਸ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋ ਗਈ ਹੈ। ਸ਼ੁੱਕਰਵਾਰ ਨੂੰ ਫ਼ਿਲਮ ਦੀ ਸ਼ੂਟਿੰਗ ਦਾ ਮਹੂਰਤ ਦਿਨ ਸੀ। ਅਕਤੂਬਰ ਅਖੀਰ 'ਚ ਫ਼ਿਲਮ ਦਾ ਐਲਾਨ ਕੀਤਾ ਗਿਆ ਸੀ ਤੇ ਟੀਮ ਨੇ ਸ਼ੂਟ ਦੀ ਸ਼ੁਰੂਆਤ ਦਾ ਨਵਾਂ ਐਲਾਨ ਕਰਕੇ ਦੱਸਿਆ ਕਿ ਇਸ ਫ਼ਿਲਮ ਲਈ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ।

ਇਹ ਫ਼ਿਲਮ ਵਿਕਾਸ ਵਸ਼ਿਸ਼ਟ ਦੇ ਨਿਰਦੇਸ਼ਨ ਵਾਲੀ ਡੈਬਿਊ ਫ਼ਿਲਮ ਹੈ। ਗਿੱਪੀ ਗਰੇਵਾਲ ਤੇ ਤਨੂੰ ਗਰੇਵਾਲ ਫ਼ਿਲਮ 'ਚ ਮੁੱਖ ਭੂਮਿਕਾਵਾਂ ਨਿਭਾਉਣਗੇ ਤੇ ਕਰਮਜੀਤ ਅਨਮੋਲ, ਰਾਜ ਧਾਲੀਵਾਲ ਤੇ ਹੋਰ ਸਹਾਇਕ ਭੂਮਿਕਾਵਾਂ 'ਚ ਆਪਣੀ ਮੌਜੂਦਗੀ ਦਰਸਾਉਂਦੇ ਹਨ। ਗਿੱਪੀ ਗਰੇਵਾਲ ਨੇ 'ਯਾਰ ਮੇਰਾ ਤਿਤਲੀਆਂ ਵਾਰਗਾ' ਨੂੰ ਪ੍ਰੋਡਿਊਸ ਕਰਨ ਦਾ ਫ਼ੈਸਲਾ ਕੀਤਾ ਹੈ।

ਜਿਵੇਂ ਕਿ ਨਿਰਮਾਤਾਵਾਂ ਵਲੋਂ ਪਹਿਲਾਂ ਹੀ ਖ਼ੁਲਾਸਾ ਕੀਤਾ ਗਿਆ ਹੈ, ਇਹ ਫ਼ਿਲਮ ਸਾਲ 2022 'ਚ ਰਿਲੀਜ਼ ਹੋਵੇਗੀ। ਇਸ ਫ਼ਿਲਮ ਨੂੰ ਨਰੇਸ਼ ਕਥੂਰੀਆ ਨੇ ਲਿਖਿਆ ਹੈ ਤੇ ਇਸ ਨੂੰ ਹੰਬਲ ਮੋਸ਼ਨ ਪਿਕਚਰਜ਼ ਦੇ ਲੇਬਲ ਹੇਠ ਪੇਸ਼ ਕੀਤਾ ਜਾਵੇਗਾ। ਹੈਪੀ ਰਾਏਕੋਟੀ, ਜਤਿੰਦਰ ਸ਼ਾਹ, ਮਿਕਸ ਸਿੰਘ ਤੇ ਹੋਰ ਫ਼ਿਲਮ ਦੇ ਸੰਗੀਤ ਨੂੰ ਸੰਭਾਲ ਰਹੇ ਹਨ।

# The ONLY temple in the world outside India dedicated to Shri Shani Maharaj


## Shri SHANI DEV Mandir, New York
## Sarvamangala Shri SANEESWARA Temple, New York

***Regular Poojas' and Homas' are conducted on daily basis:***


***Special Poojas:***

*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… … .*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***Functions of the space:***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**